
People's Herald People's Herald



# “ਇਕੁਐਲਿਟੀ ਐਂਡ ਜਸਟਿਸ”

Rs- 160/month

https://www.facebook.com/profile.php?id=161037521061610

ਪਟਿਆਲਾ



“Equality and Justice” स्वतंत्रता, समानता, भाईचारा

PATIALA On line paper 09 ਦਸੰਬਰ 2025 ਮੰਗਲਵਾਰ “ਰੋਜ਼ਾਨਾ” ਚੌਥਾ ਸਾਲ w.e.f. 15 August 2022 ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ

(Google pay91-9463601616 HARDIP SINGH STATE BANK OF INDIA ACCT NO-10566643658 . IFSC- SBIN0050773



## ਪਟਿਆਲਾ, ਐੱਸ ਐੱਸ ਪੀ ਆਡੀਓ ਮਾਮਲਾ: ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਰਾਜ ਚੋਣ ਕਮਿਸ਼ਨ ਨੂੰ ਜਾਂਚ ਤੇਜ਼ ਕਰਨ ਲਈ ਕਿਹਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 08 ਦਸੰਬਰ INTERNATIONAL PAPER, 94636 01616 hardipchumber57@gmail.com

ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਅੱਜ ਜ਼ਿਲ੍ਹਾ ਪਰਿਸ਼ਦ ਚੋਣਾਂ ਨਾਲ ਸਬੰਧਿਤ ਪਟਿਆਲਾ ਦੇ ਐੱਸ ਐੱਸ ਪੀ ਦੀ ਕਥਿਤ ਆਡੀਓ ਦੇ ਮਾਮਲੇ ’ਤੇ ਰਾਜ ਚੋਣ ਕਮਿਸ਼ਨ ਨੂੰ ਜਾਂਚ ਤੇਜ਼ ਕਰਨ ਲਈ ਕਿਹਾ ਹੈ। ਹਾਈ ਕੋਰਟ ਨੇ ਦੋ ਦਿਨਾਂ ਅੰਦਰ ਰਿਪੋਰਟ ਦੇਣ ਲਈ ਕਿਹਾ ਹੈ। ਹਾਈ ਕੋਰਟ ’ਚ ਅੱਜ ਰਾਜ ਚੋਣ ਕਮਿਸ਼ਨ ਨੇ ਇਸ ਮਾਮਲੇ ਦੀ ਏਡੀਜੀਪੀ ਐੱਸ ਪੀ ਐੱਸ ਪਰਮਾਰ ਵੱਲੋਂ ਕੀਤੀ ਜਾ ਰਹੀ ਜਾਂਚ ਤੋਂ ਜਾਣੂ ਕਰਾਇਆ। ਹਾਈ ਕੋਰਟ ਦੇ ਮੁੱਖ ਜਸਟਿਸ ਸ਼ੀਲ ਨਾਗੂ ਅਤੇ ਜਸਟਿਸ ਸੰਜੀਵ ਬੇਰੀ ਦੇ



ਡਿਵੀਜ਼ਨ ਬੈਂਚ ਨੇ ਰਾਜ ਚੋਣ ਕਮਿਸ਼ਨ ਨੂੰ ਇਸ ਜਾਂਚ ’ਤੇ ਦੋ ਦਿਨਾਂ ਅੰਦਰ ਆਪਣਾ ਸਟੈਂਡ ਸਪਸ਼ਟ ਕਰਨ ਲਈ ਕਿਹਾ ਹੈ।

ਹਾਈ ਕੋਰਟ ’ਚ ਇਸ ਮਾਮਲੇ ਦੀ ਅਗਲੀ ਸੁਣਵਾਈ ਹੁਣ 10 ਦਸੰਬਰ ਨੂੰ ਹੋਵੇਗੀ। ਮੁੱਖ ਜਸਟਿਸ ਦੀ ਅਗਵਾਈ ਵਾਲਾ ਬੈਂਚ ਅੱਜ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਅਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਵੱਲੋਂ ਦਾਇਰ ਪਟੀਸ਼ਨਾਂ ’ਤੇ ਸੁਣਵਾਈ ਕਰ ਰਿਹਾ ਸੀ। ਇਨ੍ਹਾਂ ਆਗੂਆਂ ਨੇ ਪਟੀਸ਼ਨ ’ਚ ਕਿਹਾ ਸੀ ਕਿ ਜ਼ਿਲ੍ਹਾ ਪਟਿਆਲਾ ਦੇ ਪੁਲੀਸ ਪ੍ਰਸ਼ਾਸਨ ਨੇ ਵਿਰੋਧੀ ਧਿਰ ਦੇ ਉਮੀਦਵਾਰਾਂ ਨੂੰ ਨਾਮਜ਼ਦਗੀ ਪੱਤਰ ਦਾਖਲ ਕਰਨ ਤੋਂ ਰੋਕੇ ਜਾਣ ਬਾਰੇ ਹਦਾਇਤਾਂ ਦਿੱਤੀਆਂ ਸਨ।

ਪਟਿਆਲਾ ਪੁਲੀਸ ਨੇ ਇਸ ਆਡੀਓ ਕਲਿੱਪ ਨੂੰ ਏਆਈ ਦੁਆਰਾ ਤਿਆਰ ਕੀਤਾ ਕਰਾਰ ਦਿੱਤਾ ਸੀ ਅਤੇ ਇਸ ਮਾਮਲੇ ’ਚ ਇੱਕ ਪੁਲੀਸ ਕੇਸ ਵੀ ਦਰਜ ਕੀਤਾ ਸੀ। ਰਾਜ ਚੋਣ ਕਮਿਸ਼ਨ ਨੇ ਅੱਜ ਅਦਾਲਤ ਨੂੰ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਦੀ ਸ਼ਿਕਾਇਤ ਮਿਲਣ ਮਗਰੋਂ ਕਮਿਸ਼ਨ ਨੇ ਉਸ ਦਿਨ ਹੀ ਡੀਜੀਪੀ ਨੂੰ ਮਾਮਲੇ ਦੀ ਜਾਂਚ ਦੇ ਨਿਰਦੇਸ਼ ਦੇ ਦਿੱਤੇ ਸਨ ਅਤੇ ਹੁਣ ਏਡੀਜੀਪੀ ਐੱਸ ਪੀ ਐੱਸ ਪਰਮਾਰ ਇਸ ਦੀ ਜਾਂਚ ਕਰ ਰਹੇ ਹਨ। ਅਦਾਲਤ ਨੇ ਇਹ ਵੀ ਚੋਣ ਕਮਿਸ਼ਨ ਨੂੰ ਪੁੱਛਿਆ ਕਿ ਕੀ ਇਹ ਜਾਂਚ ਉਸ ਦੀ ਅਗਵਾਈ ਹੇਠ ਹੋ ਰਹੀ ਹੈ।

## ਭਾਰਤ ਨੇ ਖਾਲਿਸਤਾਨ ਪੱਖੀ, ਬੱਬਰ ਖਾਲਸਾ ‘ਤੇ ਬ੍ਰਿਟੇਨ ਵੱਲੋਂ ਪਾਬੰਦੀ ਲਗਾਉਣ ਦਾ ਸਵਾਗਤ ਕੀਤਾ: ਵਿਦੇਸ਼ ਮੰਤਰਾਲੇ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 08 ਦਸੰਬਰ INTERNATIONAL PAPER, 94636 01616 hardipchumber57@gmail.com

ਨਵੀਂ ਦਿੱਲੀ : ਵਿਦੇਸ਼ ਮੰਤਰਾਲੇ ਨੇ ਸੋਮਵਾਰ ਨੂੰ ਯੂਕੇ ਸਰਕਾਰ ਦੇ ਪਾਬੰਦੀਸ਼ੁਦਾ ਸੰਗਠਨ ਬੱਬਰ ਖਾਲਸਾ ਨਾਲ ਜੁੜੇ ਖਾਲਿਸਤਾਨ ਪੱਖੀ ਕੱਟੜਪੰਥੀ ਨੈੱਟਵਰਕਾਂ ‘ਤੇ ਪਾਬੰਦੀਆਂ ਲਗਾਉਣ ਦੇ ਫੈਸਲੇ ਦਾ ਸਵਾਗਤ ਕੀਤਾ, ਇਸਨੂੰ ਅੱਤਵਾਦ ਅਤੇ ਗੈਰ-ਕਾਨੂੰਨੀ ਵਿੱਤੀ ਪ੍ਰਵਾਹ ਵਿਰੁੱਧ ਵਿਸ਼ਵਵਿਆਪੀ ਯਤਨਾਂ ਨੂੰ ਮਜ਼ਬੂਤ ਕਰਨ ਲਈ ਇੱਕ ਮਹੱਤਵਪੂਰਨ ਕਦਮ ਦੱਸਿਆ। ਹਫਤਾਵਾਰੀ ਪ੍ਰੈਸ ਬ੍ਰੀਫਿੰਗ ਵਿੱਚ ਸਵਾਲਾਂ ਦੇ ਜਵਾਬ ਵਿੱਚ, MEA ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ ਕਿ ਨਵੀਂ ਦਿੱਲੀ ਲੰਡਨ ਦੀ ਭਾਰਤ ਵਿਰੋਧੀ ਕੱਟੜਪੰਥੀ ਗਤੀਵਿਧੀਆਂ ਵਿੱਚ ਸ਼ਾਮਲ ਵਿਅਕਤੀਆਂ ਅਤੇ ਸੰਸਥਾਵਾਂ ਨੂੰ ਨਿਸ਼ਾਨਾ ਬਣਾਉਣ ਵਾਲੀ ਕਾਰਵਾਈ ਦੀ ਸ਼ਲਾਘਾ ਕਰਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਅਜਿਹੇ ਵਿਅਕਤੀ ਨਾ ਸਿਰਫ਼ ਭਾਰਤ ਅਤੇ ਯੂਕੇ ਲਈ ਸਗੋਂ ਦੁਨੀਆ ਭਰ ਦੇ ਲੋਕਾਂ ਲਈ ਖ਼ਤਰਾ ਪੈਦਾ ਕਰਦੇ ਹਨ।

“ਅਸੀਂ ਯੂਕੇ ਸਰਕਾਰ ਦੁਆਰਾ ਭਾਰਤ ਵਿਰੋਧੀ ਕੱਟੜਪੰਥੀ ਸੰਸਥਾਵਾਂ ਨੂੰ ਮਨਜ਼ੂਰੀ ਦੇਣ ਲਈ ਚੁੱਕੇ ਗਏ ਕਦਮਾਂ ਦਾ ਸਵਾਗਤ ਕਰਦੇ ਹਾਂ, ਜੋ ਅੱਤਵਾਦ ਅਤੇ ਕੱਟੜਪੰਥੀ ਵਿਰੁੱਧ ਵਿਸ਼ਵਵਿਆਪੀ ਲੜਾਈ ਨੂੰ ਮਜ਼ਬੂਤ ਕਰਦੇ ਹਨ ਅਤੇ ਗੈਰ-ਕਾਨੂੰਨੀ ਵਿੱਤੀ ਪ੍ਰਵਾਹ ਅਤੇ ਅੰਤਰ-ਰਾਸ਼ਟਰੀ ਅਪਰਾਧ ਨੈੱਟਵਰਕਾਂ ਨੂੰ ਰੋਕਣ ਵਿੱਚ ਮਦਦ ਕਰਦੇ ਹਨ,” ਜੈਸਵਾਲ ਨੇ ਕਿਹਾ। “ਅਜਿਹੇ ਵਿਅਕਤੀ ਨਾ ਸਿਰਫ਼ ਭਾਰਤ ਅਤੇ ਯੂਕੇ ਲਈ ਸਗੋਂ ਦੁਨੀਆ ਭਰ ਦੇ ਲੋਕਾਂ ਲਈ ਖ਼ਤਰਾ ਪੈਦਾ ਕਰਦੇ ਹਨ। ਅਸੀਂ ਆਪਣੇ ਅੱਤਵਾਦ ਵਿਰੋਧੀ ਅਤੇ ਸੁਰੱਖਿਆ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਲਈ ਯੂਕੇ ਪੱਖ ਨਾਲ ਮਿਲ ਕੇ ਕੰਮ ਕਰਨ ਦੀ ਉਮੀਦ ਕਰਦੇ ਹਾਂ,” ਉਨ੍ਹਾਂ ਕਿਹਾ। ਪਿਛਲੇ ਹਫ਼ਤੇ, ਯੂਕੇ ਸਰਕਾਰ ਨੇ ਖਾਲਿਸਤਾਨ ਪੱਖੀ ਅੱਤਵਾਦੀ ਸਮੂਹ ਬੱਬਰ ਖਾਲਸਾ ਦੇ ਫੰਡਿੰਗ ਵਿਧੀਆਂ ਨੂੰ ਵਿਗਾੜਨ ਦੇ ਉਦੇਸ਼ ਨਾਲ ਪਾਬੰਦੀਆਂ ਲਗਾਈਆਂ ਸਨ - ਇਹ ਪਹਿਲੀ ਵਾਰ ਹੈ ਜਦੋਂ ਸੰਗਠਨ ਵਿਰੁੱਧ ਅਜਿਹੇ ਉਪਾਅ ਲਾਗੂ ਕੀਤੇ ਗਏ ਹਨ। ਯੂਕੇ ਨੇ ਗੁਰਪ੍ਰੀਤ ਸਿੰਘ ਰੀਹਲ ਵਿਰੁੱਧ ਜਾਇਦਾਦ ਫ੍ਰੀਜ਼ ਅਤੇ ਡਾਇਰੈਕਟਰ ਅਯੋਗਤਾ ਦਾ ਐਲਾਨ ਕੀਤਾ, ਜਿਸ ‘ਤੇ ਭਾਰਤ ਵਿੱਚ ਅੱਤਵਾਦ ਵਿੱਚ ਸ਼ਾਮਲ ਸੰਗਠਨਾਂ ਨਾਲ ਸਬੰਧਤ ਹੋਣ ਦਾ ਸ਼ੱਕ ਹੈ। ਉਸੇ ਅੱਤਵਾਦੀ ਸਮੂਹ ਨੂੰ ਉਤਸ਼ਾਹਿਤ ਕਰਨ ਅਤੇ ਸਮਰਥਨ ਕਰਨ ਲਈ ਬੱਬਰ ਅਕਾਲੀ ਲਹਿਰ ਵਿਰੁੱਧ ਜਾਇਦਾਦ ਫ੍ਰੀਜ਼ ਦਾ ਵੀ ਐਲਾਨ ਕੀਤਾ ਗਿਆ ਹੈ।

ਯੂਕੇ ਦੇ ਖਜ਼ਾਨਾ ਵਿਭਾਗ ਦੇ ਅਨੁਸਾਰ, ਰੀਹਲ ਬੱਬਰ ਖਾਲਸਾ ਅਤੇ ਬੱਬਰ ਅਕਾਲੀ ਲਹਿਰ ਦੀਆਂ ਅੱਤਵਾਦੀ ਗਤੀਵਿਧੀਆਂ ਵਿੱਚ ਸ਼ਾਮਲ ਹੈ, ਜਿਸ ਵਿੱਚ ਹਥਿਆਰਾਂ ਅਤੇ ਹੋਰ ਫੌਜੀ ਸਮੱਗਰੀ ਖਰੀਦਣ ਸਮੇਤ, ਉਨ੍ਹਾਂ ਸੰਗਠਨਾਂ ਨੂੰ ਉਤਸ਼ਾਹਿਤ ਕਰਨਾ ਅਤੇ ਉਤਸ਼ਾਹਿਤ ਕਰਨਾ, ਭਰਤੀ ਗਤੀਵਿਧੀਆਂ ਨੂੰ ਪੂਰਾ ਕਰਨਾ ਅਤੇ ਵਿੱਤੀ ਸੇਵਾਵਾਂ ਪ੍ਰਦਾਨ ਕਰਨਾ ਸ਼ਾਮਲ ਹੈ। ਸਰਕਾਰ ਨੇ ਇਹ ਵੀ ਕਿਹਾ ਕਿ ਬੱਬਰ ਅਕਾਲੀ ਲਹਿਰ ਸਮੂਹ ਅਤੇ ਆਪਣੇ ਲਈ ਭਰਤੀ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨਾ ਅਤੇ ਉਤਸ਼ਾਹਿਤ ਕਰਨਾ ਅਤੇ ਪੂਰਾ ਕਰਕੇ ਬੱਬਰ ਖਾਲਸਾ ਦੀਆਂ ਅੱਤਵਾਦੀ ਗਤੀਵਿਧੀਆਂ ਨਾਲ ਜੁੜਿਆ ਹੋਇਆ ਹੈ ਅਤੇ ਇਸ ਵਿੱਚ ਸ਼ਾਮਲ ਹੈ। ਯੂਕੇ ਵਿੱਚ ਰੇਹਲ ਜਾਂ ਬੱਬਰ ਅਕਾਲੀ ਲਹਿਰ





ਦੀ ਮਲਕੀਅਤ, ਕਬਜ਼ੇ ਜਾਂ ਨਿਯੰਤਰਣ ਵਾਲੇ ਸਾਰੇ ਫੰਡ ਅਤੇ ਆਰਥਿਕ ਸਰੋਤ ਹੁਣ ਇੱਕ ਸੰਪਤੀ ਫ੍ਰੀਜ਼ ਦੇ ਅਧੀਨ ਹਨ, ਅਤੇ ਰੇਹਲ ਡਾਇਰੈਕਟਰ ਅਯੋਗਤਾ ਪਾਬੰਦੀਆਂ ਦੇ ਅਧੀਨ ਵੀ ਹੈ ਜੋ ਉਸਨੂੰ ਕਿਸੇ ਕੰਪਨੀ ਦੇ ਡਾਇਰੈਕਟਰ ਵਜੋਂ ਕੰਮ ਕਰਨ ਜਾਂ ਸਿੱਧੇ ਜਾਂ ਅਸਿੱਧੇ ਤੌਰ ‘ਤੇ ਕਿਸੇ ਕੰਪਨੀ ਦੇ ਪ੍ਰਚਾਰ, ਗਠਨ ਜਾਂ ਪ੍ਰਬੰਧਨ ਵਿੱਚ ਹਿੱਸਾ ਲੈਣ ਜਾਂ ਸਬੰਧਤ ਹੋਣ ਤੋਂ ਵਰਜਿਤ ਕਰਦਾ ਹੈ। ਅੱਤਵਾਦ ਵਿਰੋਧੀ (ਪਾਬੰਦੀਆਂ) (ਈਯੂ ਐਗਜ਼ਿਟ) ਨਿਯਮ 2019 (ਨਿਯਮ) ਯੂਕੇ ਦੇ ਖਜ਼ਾਨੇ ਨੂੰ ਸੰਪਤੀਆਂ ਨੂੰ ਫ੍ਰੀਜ਼ ਕਰਨ ਅਤੇ ਅੱਤਵਾਦ ਵਿੱਚ ਸ਼ਾਮਲ ਹੋਣ ਦੇ ਸ਼ੱਕੀ ਵਿਅਕਤੀਆਂ ਅਤੇ ਸੰਸਥਾਵਾਂ ‘ਤੇ ਪਾਬੰਦੀਆਂ ਲਗਾਉਣ ਦੀ ਆਗਿਆ ਦਿੰਦੇ ਹਨ। ਬੱਬਰ ਖਾਲਸਾ ਇੱਕ ਪਾਬੰਦੀਸ਼ੁਦਾ ਅੱਤਵਾਦੀ ਸੰਗਠਨ ਹੈ।

## 328 ਸਰੂਪ ਮਾਮਲਾ: ਦੋਸ਼ੀਆਂ ’ਤੇ FIR ਸਵਾਗਤਯੋਗ, ਪਰ ਪੀੜਤ ਗੁਰਸਿੱਖਾਂ ਨੂੰ ਇਨਸਾਫ ਅਜੇ ਵੀ ਨਹੀਂ: ਸੁਖਜੀਤ ਖੋਸਾ

### ਅੰਮ੍ਰਿਤਸਰ ’ਚ ਸਿੱਖ ਜਥੇਬੰਦੀਆਂ ਦੀ ਪ੍ਰੈਸ ਵਾਰਤਾ: ਪੁਲਸ ਕਾਰਵਾਈ ਅਧੂਰੀ, 326–307 ਦੇ ਕੇਸ ਦੋਸ਼ੀਆਂ ’ਤੇ ਦਰਜ ਹੋਣ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 08 ਦਸੰਬਰ INTERNATIONAL PAPER, 94636 01616 hardipchumber57@gmail.com

ਅੰਮ੍ਰਿਤਸਰ: ਅੰਮ੍ਰਿਤਸਰ ਪੁਲਸ ਵੱਲੋਂ ਲਾਪਤਾ 328 ਪਾਵਨ ਸਰੂਪ ਮਾਮਲੇ ਵਿੱਚ ਐਫਆਈਆਰ ਦਰਜ ਕਰਨ ਤੋਂ ਬਾਅਦ ਸਿੱਖ ਜਥੇਬੰਦੀਆਂ ਵੱਲੋਂ ਭੰਡਾਰੀ ਪੁੱਲ, ਅੰਮ੍ਰਿਤਸਰ ’ਤੇ ਪ੍ਰੈਸ ਵਾਰਤਾ ਕੀਤੀ ਗਈ। ਇਸ ਮੌਕੇ ਸੁਖਜੀਤ ਖੋਸਾ ਨੇ ਕਿਹਾ ਕਿ ਸਰਕਾਰ ਵੱਲੋਂ ਕੀਤੀ ਗਈ ਕਾਰਵਾਈ “ਦੇਰ ਨਾਲ ਸਹੀ, ਪਰ ਅਧੂਰੀ” ਹੈ। ਉਨ੍ਹਾਂ ਕਿਹਾ ਕਿ ਪੰਜ ਸਾਲ ਬਾਅਦ ਕੇਵਲ 295 ਧਾਰਾ ਹੇਠ ਐਫਆਈਆਰ ਦਰਜ ਕਰ ਦੇਣਾ ਕਾਫ਼ੀ ਨਹੀਂ, ਸਗੋਂ ਜਿਨ੍ਹਾਂ ਲੋਕਾਂ ਨੇ ਇਨਸਾਫ ਮੰਗਦੇ ਗੁਰਸਿੱਖਾਂ ’ਤੇ ਹਮਲੇ ਕੀਤੇ, ਉਨ੍ਹਾਂ ’ਤੇ ਧਾਰਾ 326 ਅਤੇ 307 ਤਹਿਤ ਵੀ ਸਖ਼ਤ ਕੇਸ ਦਰਜ ਕੀਤੇ ਜਾਣੇ ਚਾਹੀਦੇ ਹਨ।

ਸੁਖਜੀਤ ਖੋਸਾ ਨੇ ਦੋਸ਼ ਲਗਾਇਆ ਕਿ ਨਵੰਬਰ 2023 ਦੌਰਾਨ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਅੰਦਰ ਧਰਨੇ ਸਮੇਂ ਕਈ ਗੁਰਸਿੱਖਾਂ ਨੂੰ ਡਾਂਗਾਂ ਨਾਲ ਕੁੱਟਿਆ ਗਿਆ, ਹੱਥ–ਪੈਰ ਤੋੜੇ ਗਏ ਅਤੇ ਦਸਤਾਰਾਂ ਦੀ ਬੇਅਦਬੀ ਕੀਤੀ ਗਈ। ਉਨ੍ਹਾਂ ਕਿਹਾ ਕਿ ਤਰਲੋਚਨ ਸਿੰਘ, ਲਖਬੀਰ ਸਿੰਘ, ਸਰੂਪ ਸਿੰਘ ਭੁੱਚਲ ਸਮੇਤ ਕਈ ਪੀੜਤਾਂ ਦੀਆਂ ਮੈਡੀਕਲ ਰਿਪੋਰਟਾਂ ਮੌਜੂਦ ਹਨ, ਪਰ ਅਜੇ ਤੱਕ ਦੋਸ਼ੀਆਂ ਖ਼ਿਲਾਫ਼ ਢੁੱਕਵੀਂ ਕਾਰਵਾਈ ਨਹੀਂ ਹੋਈ। ਉਲਟਾ ਪੀੜਤਾਂ ’ਤੇ ਹੀ 307 ਵਰਗੀ ਗੰਭੀਰ ਧਾਰਾ ਹੇਠ ਝੂਠੇ ਕੇਸ ਦਰਜ ਕਰ ਦਿੱਤੇ ਗਏ। ਉਨ੍ਹਾਂ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇ 328 ਸਰੂਪ ਮਾਮਲੇ ਦੀ ਜਾਂਚ ਅਧੂਰੀ ਛੱਡ ਕੇ ਪੀੜਤਾਂ ਨੂੰ ਇਨਸਾਫ ਨਾ ਦਿੱਤਾ ਗਿਆ, ਤਾਂ ਸਿੱਖ ਸੰਗਤ ਦੇ ਰੋਸ ਦੀ ਸਾਰੀ ਜ਼ਿੰਮੇਵਾਰੀ ਸਰਕਾਰ ’ਤੇ ਹੋਵੇਗੀ। ਖੋਸਾ ਨੇ ਮੋਰਚਾ ਲਗਾ ਕੇ ਬੈਠਣ ਵਾਲੇ ਬਲਦੇਵ ਸਿੰਘ ਵਡਾਲਾ ਅਤੇ ਹੋਰ ਜਥੇਬੰਦੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੰਜ ਸਾਲਾਂ ਦੀ ਲੜਾਈ ਕਰਕੇ ਹੀ ਅੱਜ



ਇਹ ਮਸਲਾ ਮੁੜ ਚਰਚਾ ’ਚ ਆਇਆ ਹੈ। ਜਥੇਬੰਦੀਆਂ ਨੇ ਸਪਸ਼ਟ ਮੰਗ ਕੀਤੀ ਕਿ ਦੋਸ਼ੀ ਪੁਲਸ ਅਧਿਕਾਰੀਆਂ ਸਹਿਤ ਸਾਰੇ ਜ਼ਿੰਮੇਵਾਰ ਤੱਤਾਂ ’ਤੇ 326 ਅਤੇ 307 ਦੇ ਕੇਸ ਦਰਜ ਕੀਤੇ ਜਾਣ ਅਤੇ ਪੀੜਤ ਗੁਰਸਿੱਖਾਂ ’ਤੇ ਲੱਗੇ ਝੂਠੇ ਮੁਕੱਦਮੇ ਤੁਰੰਤ ਰੱਦ ਕੀਤੇ ਜਾਣ।

## ਜ਼ਿਲ੍ਹਾ ਪੱਧਰੀ ਮੈਗਾ ਦਾਖਲਾ ਕੰਪੈਨ ਦਾ ਅਗਾਜ਼

### “ਜ਼ਿਲ੍ਹਾ ਸਿੱਖਿਆ ਅਫ਼ਸਰ ਨੇ ਦਾਖ਼ਲਾ ਡੈਸਕ ਲਗਾਕੇ ਦਾਖਲੇ ਕੀਤੇ”

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 08 ਦਸੰਬਰ INTERNATIONAL PAPER, 94636 01616 hardipchumber57@gmail.com

ਸ਼ੈਸ਼ਨ 2026-27 ਲਈ ਸਰਕਾਰੀ ਪ੍ਰਾਇਮਰੀ ਅਤੇ ਅਪੱਰ ਪ੍ਰਾਇਮਰੀ ਸਕੂਲਾਂ ਵਿੱਚ ਸਾਂਝੇ ਤੌਰ ਤੇ ਦਾਖ਼ਲਾ ਮੁਹਿੰਮ ਦਾ ਅਗਾਜ਼ ਅਨੀਤਾ ਸ਼ਰਮਾ



ਜ਼ਿਲ੍ਹਾ ਸਿੱਖਿਆ ਅਫ਼ਸਰ ਅਤੇ ਲਖਵੀਰ ਸਿੰਘ ਉੱਪ ਜ਼ਿਲ੍ਹਾ ਸਿੱਖਿਆ ਦੀ ਅਗਵਾਈ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਗੜ੍ਹਸ਼ੰਕਰ ਰੋਡ ਨਵਾਂ ਸ਼ਹਿਰ ਤੋਂ ਕੀਤਾ । ਇਸ ਮੌਕੇ ਉਨ੍ਹਾਂ ਮਾਪਿਆਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਨੂੰ ਮਾਨਸਿਕ ਤਣਾਉ ਤੋਂ ਬਚਾਉਣ ਲਈ ਖੇਡ ਵਿਧੀ

ਖ਼ਬਰ ਦਾ ਬਾਕੀ ਭਾਗ ਅਗਲੇ ਪੇਜ਼ ਤੇ

# ਨਵਜੋਤ ਕੌਰ ਸਿੱਧੂ ਨੂੰ ਮੁੱਢਲੀ ਮੈਂਬਰਸ਼ਿਪ ਤੋਂ ਕੀਤਾ ਮੁਅੱਤਲ

## ਪੰਜਾਬ ਕਾਂਗਰਸ ਪ੍ਰਧਾਨ ਰਾਜਾ ਵੜਿੰਗ ਨੇ ਲਿਆ ਐਕਸ਼ਨ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 08 ਦਸੰਬਰ
INTERNATIONAL PAPER, 94636 01616
hardipchumber57@gmail.com



ਪੰਜਾਬ ਕਾਂਗਰਸ ਨੇ ਅੱਜ ਦੇਰ ਸ਼ਾਮ ਡਾ. ਨਵਜੋਤ ਕੌਰ ਸਿੱਧੂ ਨੂੰ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਮੁਅੱਤਲ ਕਰ ਦਿੱਤਾ ਹੈ। ਇਹ ਆਦੇਸ਼ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਜਾਰੀ ਕੀਤੇ ਗਏ ਹਨ। ਜਾਣਕਾਰੀ ਅਨੁਸਾਰ ਡਾ. ਨਵਜੋਤ ਕੌਰ ਸਿੱਧੂ ਵੱਲੋਂ 6 ਦਸੰਬਰ ਨੂੰ ਚੰਡੀਗੜ੍ਹ ਸਥਿਤ ਪੰਜਾਬ ਰਾਜ ਭਵਨ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਦੀ ਕੁਰਸੀ ਲਈ 500 ਕਰੋੜ ਰੁਪਏ ਹੋਣੇ ਚਾਹੀਦੈ ਬਾਰੇ ਬਿਆਨ ਦਿੱਤਾ ਸੀ। ਇਸ ਬਿਆਨ ਨੂੰ ਲੈ ਕੇ ਉਹ ਪਿਛਲੇ ਦੋ ਦਿਨਾਂ ਤੋਂ ਵਿਵਾਦਾਂ ਵਿੱਚ ਚੱਲ ਰਹੇ ਸਨ। ਡਾ. ਨਵਜੋਤ ਕੌਰ ਸਿੱਧੂ ਦੇ ਇਸ ਬਿਆਨ ਨੂੰ ਲੈ ਕੇ ਕਾਂਗਰਸ ਪਾਰਟੀ ਅੰਦਰ ਪਿਛਲੇ ਦੋ ਦਿਨਾਂ ਤੋਂ ਸਿਆਸਤ ਗਰਮਾਈ ਹੋਈ ਸੀ ਇਸ ਦੌਰਾਨ ਕੁਝ ਕਾਂਗਰਸੀ ਆਗੂਆਂ ਵੱਲੋਂ ਵੀ ਇੱਕ ਦੂਜੇ 'ਤੇ ਟਿੱਪਣੀ ਕੀਤੀਆਂ ਜਾ ਰਹੀਆਂ ਸਨ।

ਨਵਜੋਤ ਕੋਰ ਸਿੱਧੂ ਨੇ ਟਿੱਪਣੀ ਕਰਦੇ ਵੇਲੇ ਕਿਸੇ ਪਾਰਟੀ ਦਾ ਨਾਮ ਨਹੀਂ ਲਿਆ ਪਰ ਉਨ੍ਹਾਂ ਨੇ ਖਾਸ ਤੌਰ 'ਤੇ ਕਿਹਾ ਸੀ ਕਿ ਸਿੱਧੂ ਸਰਗਰਮ ਰਾਜਨੀਤੀ ਵਿੱਚ ਤਾਂ ਹੀ ਵਾਪਸ ਆਉਣਗੇ ਜੇਕਰ ਉਨ੍ਹਾਂ ਨੂੰ ਕਾਂਗਰਸ ਦਾ ਮੁੱਖ ਮੰਤਰੀ ਚਿਹਰਾ ਬਣਾਇਆ ਜਾਂਦਾ ਹੈ।

ਕ੍ਰਿਕਟਰ ਤੋਂ ਸਿਆਸਤਦਾਨ ਬਣੇ ਨਵਜੋਤ ਸਿੰਘ ਸਿੱਧੂ ਦੀ ਪਤਨੀ ਨਵਜੋਤ ਕੌਰ ਸਿੱਧੂ ਨੇ ਇਹ ਦੋਸ਼ ਲਗਾ ਕੇ ਪੰਜਾਬ ਵਿੱਚ ਸਿਆਸੀ ਤੂਫ਼ਾਨ ਮਚਾ ਦਿੱਤਾ ਸੀ ਕਿ ਪੰਜਾਬ ਵਿੱਚ ਮੁੱਖ ਮੰਤਰੀ ਬਣਨ ਲਈ 500 ਕਰੋੜ ਰੁਪਏ ਨਾਲ ਭਰਿਆ ਸੂਟਕੇਸ ਦੇਣਾ ਪੈਂਦਾ ਹੈ ਜੋ ਉਨ੍ਹਾਂ ਦਾ ਪਤੀ ਨਹੀਂ ਦੇ ਸਕਦਾ।

ਸਾਬਕਾ ਵਿਧਾਇਕ ਨੇ ਸ਼ਨਿਚਰਵਾਰ ਸ਼ਾਮ ਨੂੰ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨਾਲ ਮੁਲਾਕਾਤ ਕੀਤੀ ਸੀ ਜਿਸ ਤੋਂ ਬਾਅਦ ਉਨ੍ਹਾਂ ਸੂਬੇ ਵਿੱਚ ਵਿਗੜੀ ਕਾਨੂੰਨ ਵਿਵਸਥਾ ਸਣੇ ਹੋਰ ਮੁੱਦਿਆਂ 'ਤੇ ਗੱਲਬਾਤ ਕੀਤੀ

ਸਾਬਕਾ ਉਪ ਮੁੱਖ ਮੰਤਰੀ ਅਤੇ ਗੁਰਦਾਸਪੁਰ ਦੇ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਸੀ ਕਿ ਸਿੱਧੂ ਪਰਿਵਾਰ ਨੂੰ ਬਾਹਰ ਦਾ ਰਸਤਾ ਦਿਖਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ, 'ਇੰਝ ਲੱਗਦਾ ਹੈ ਕਿ ਜਿਸ ਮਿਸ਼ਨ ਲਈ ਸਿੱਧੂ ਪਰਿਵਾਰ ਕਾਂਗਰਸ ਵਿੱਚ ਆਇਆ ਸੀ ਉਹ ਪੂਰਾ ਹੋ ਗਿਆ ਹੈ। ਕੀ ਉਹ ਸਾਨੂੰ ਦੱਸਣਗੇ ਕਿ ਉਨ੍ਹਾਂ ਨੇ ਪੰਜਾਬ ਕਾਂਗਰਸ ਪ੍ਰਧਾਨ ਨੂੰ ਕਿੰਨਾ ਦਿੱਤਾ ਸੀ ਜੋ ਉਸ ਸਮੇਂ ਮੁੱਖ ਮੰਤਰੀ ਦੇ ਬਰਾਬਰ ਸਨ? ਜੇਕਰ ਅਸੀਂ ਉਨ੍ਹਾਂ ਦੇ ਪਿਛਲੇ ਪ੍ਰਦਰਸ਼ਨ 'ਤੇ ਨਜ਼ਰ ਮਾਰੀਏ ਤਾਂ ਇਹ ਸਪੱਸ਼ਟ ਹੈ ਕਿ ਉਹ ਵਿਰੋਧੀ ਧਿਰ ਵਲੋਂ ਤਿਆਰ ਕੀਤੀ ਗਈ ਸਕ੍ਰਿਪਟ ਅਨੁਸਾਰ ਹੀ ਬੋਲਦੇ ਸਨ, ਜਿਸ ਨਾਲ ਕਾਂਗਰਸ ਨੂੰ ਭਾਰੀ ਨੁਕਸਾਨ ਹੋਇਆ। ਹੁਣ ਉਹ ਪਾਰਟੀ ਦੀ ਪਿੱਠ ਵਿੱਚ ਛੁਰਾ ਮਾਰ ਰਹੇ ਹਨ।' ਨਵਜੋਤ ਕੌਰ ਦੇ ਇਸ ਬਿਆਨ ਦੀ 'ਆਪ' ਤੇ ਭਾਜਪਾ ਨੇ ਨਿੰਦਾ ਕੀਤੀ ਹੈ।

# ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ ਕੇਂਦਰ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਖਿਲਾਫ਼,ਵੱਜਿਆ ਸੰਘਰਸ਼ ਦਾ ਬਿੱਗਲ

## ਬਿਜਲੀ ਬਿੱਲ ਅਤੇ ਬੀਜ ਬਿੱਲ 2025 ਦੀਆਂ ਡਵੀਜ਼ਨ ਪੱਧਰ 'ਤੇ ਕਾਪੀਆਂ ਸਾੜੀਆਂ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 08 ਦਸੰਬਰ
INTERNATIONAL PAPER, 94636 01616
hardipchumber57@gmail.com



ਜਲਾਲਾਬਾਦ 8 ਦਸੰਬਰ (ਮਨੋਜ ਕੁਮਾਰ) ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਡਵੀਜ਼ਨ ਪੱਧਰ 'ਤੇ ਕੇਂਦਰ ਦੀ ਬੀਜੇਪੀ ਸਰਕਾਰ ਵੱਲੋਂ ਲਿਆਂਦੇ ਗਏ ਬਿੱਜਲੀ ਬਿੱਲ, ਬੀਜ ਬਿੱਲ 2025 ਦੀਆਂ ਕਾਪੀਆਂ ਸਾੜੀਆਂ ਗਈਆਂ। ਇਸ ਮੌਕੇ ਜਾਣਕਾਰੀ ਦਿੰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਕਮੇਟੀ ਮੈਂਬਰ ਰੇਸ਼ਮ ਮਿੱਡਾ ਜ਼ਿਲਾ ਪ੍ਰਧਾਨ ਸੁਖਚੈਨ ਸਿੰਘ, ਬੀ ਕੇ ਯੂ ਉਗਰਾਹਾਂ ਦੇ ਜਿਲ੍ਹਾ ਸਕੱਤਰ ਜਗਸੀਰ ਸਿੰਘ,ਬਲਾਕ ਪ੍ਰਧਾਨ ਪਿੱਪਲ ਸਿੰਘ,ਕੁੱਲ ਹਿੰਦ ਕਿਸਾਨ ਸਭਾ ਦੇ ਜਿਲਾ ਪ੍ਰਧਾਨ ਸੁਰਿੰਦਰ ਢੰਡੀਆਂ ,ਬੀ ਕੇ ਯੂ ਡਕੌਂਦਾ ਬੁਰਜ ਗਿੱਲ ਦੇ ਜ਼ਿਲਾ ਪ੍ਰਧਾਨ ਜੋਗਾ ਸਿੰਘ, ਗੁਰਵਿੰਦਰ ਸਿੰਘ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਬਿਸ਼ਨ ਚੌਹਾਨ, ਬੀ ਕੇ ਯੂ ਕਾਦੀਆਂ ਦੇ ਬਲਦੇਵ ਰਾਜ,ਅਤੇ ਪੈਨਸ਼ਨਰ ਐਸੋਏਸ਼ਨ ਦੇ ਆਗੂ ਰਾਮ ਕ੍ਰਿਸ਼ਨ, ਰਜਿੰਦਰ ਸਿੰਘ,ਟੀ ਐਸ ਯੂ ਦੇ ਸਾਥੀ ਰਜੇਸ਼,ਸ਼ੇਰ ਸਿੰਘ,ਇੰਮਪਲਾਈਜ ਫੈਡਰੇਸ਼ਨ ਦੇ ਸੁਖਵਿੰਦਰ ਭਗਤ, ਨੇ ਕਿਹਾ ਕਿ ਬਿਜਲੀ ਸੋਧ ਬਿੱਲ 2025 ਨੂੰ ਕੇਂਦਰ ਸਰਕਾਰ ਦਾ ਲੋਕਾਂ ਵਿਰੁੱਧ ਇੱਕ ਵੱਡਾ ਹਮਲਾ ਕਰਾਰ ਦਿੰਦਿਆਂ ਇਸਨੂੰ ਵਾਪਸ ਕਰਵਾਉਣ ਲਈ ਤਾਲਮੇਲਵੇ ਸੰਘਰਸ਼ਾਂ ਰਾਹੀਂ ਜਨਤਕ ਲਹਿਰ ਖੜੀ ਕਰਨ ਦਾ ਫੈਸਲਾ ਕੀਤਾ ਗਿਆ। ਬਿਜਲੀ ਨੂੰ ਜਨਤਕ ਹਿੱਤ ਦੀ ਵਸਤੂ ਵਜੋਂ ਸਮਝਦਿਆਂ ਸਰਕਾਰਾਂ ਨੇ ਸਰਕਾਰੀ ਬਿਜਲੀ ਅਦਾਰੇ ਅਤੇ ਢਾਂਚਾ ਖੜ੍ਹਾ ਕੀਤਾ ਸੀ।ਆਰਥਿਕ ਉਦਾਰੀਕਰਨ ਦੀਆਂ ਨੀਤੀਆਂ ਕਾਰਨ ਸਰਕਾਰਾਂ ਦੀ ਇਹ ਨੀਤੀ ਬਦਲ ਗਈ। ਹੁਣ ਬਿਜਲੀ ਨੂੰ ਮੰਡੀ ਦੀ ਵਸਤੂ ਬਣਾਉਣ ਲਈ ਯਤਨ ਕੀਤੇ ਜਾ ਰਹੇ ਹਨ। ਕੇਂਦਰ ਦੀ ਮੋਦੀ ਸਰਕਾਰ ਤਾਂ ਇਸ ਸਬੰਧੀ ਕਾਰਪੋਰੇਟ ਘਰਾਣਿਆਂ ਦੇ ਸਾਹਮਣੇ ਪੂਰੀ ਤਰ੍ਹਾਂ ਗੋਡੇ ਟੇਕ ਚੁੱਕੀ ਹੈ। ਬਿਜਲੀ ਸੋਧ ਬਿੱਲ 2025 ਬਿਜਲੀ ਦੇ ਵੰਡ ਖੇਤਰ ਦੇ ਨਿਜੀਕਰਨ ਦੀ ਕਾਰਪੋਰੇਟ ਦੀ ਲੋੜ ਨੂੰ ਪੂਰਾ ਕਰੇਗਾ ਜਿਸ ਕਾਰਨ ਦੇਸ਼ ਦੇ ਕਰੋੜਾਂ ਖਪਤਕਾਰਾਂ ਨੂੰ ਪ੍ਰਾਈਵੇਟ ਕੰਪਨੀਆਂ ਦੀ ਲੁੱਟ ਦਾ ਸ਼ਿਕਾਰ ਬਣਾਇਆ ਜਾਵੇਗਾ ,ਬਿਜਲੀ ਸੋਧ ਬਿੱਲ ਵਾਪਸ ਲੈਣ,ਸਮਾਰਟ ਚਿੱਪ ਮੀਟਰ ਵਾਪਸ ਲੈਣ ਦੀ ਮੰਗ ਕੀਤੀ। ਨਾਲ ਹੀ ਸਰਕਾਰੀ ਅਤੇ ਜਨਤਕ ਦੀਆਂ ਜ਼ਮੀਨਾਂ ਨੂੰ ਵੇਚਣ ਦੀ ਪੰਜਾਬ ਸਰਕਾਰ ਦੀ ਨੀਤੀ ਨੂੰ ਵੀ ਲੋਕ ਵਿਰੋਧੀ ਕਦਮ ਦੱਸਦਿਆਂ ਇਸ ਨੂੰ ਵੀ ਰੱਦ ਕਰਨ ਦੀ ਮੰਗ ਕੀਤੀ ਅਤੇ ਸੀਡ ਬਿੱਲ 2025 ਕੇਂਦਰ ਸਰਕਾਰ ਵੱਲੋਂ ਕਾਰਪੋਰੇਟ ਘਰਾਣਿਆਂ ਦੀਆਂ ਕਠਪੁਤਲੀਆਂ ਬਣ ਕੇ ਫ੍ਰੀ ਟਰੇਡ ਸਮਝੌਤੇ ਅਮਰੀਕਾ ਸਾਮਰਾਜਵਾਦ ਦੇ ਦਬਾ ਹੇਠ ਦੇਸ਼ ਦੇ ਮਿਹਨਤਕਸ਼ ਲੋਕਾਂ ਨਾਲ ਦਗਾ ਕਮਾਇਆ ਜਾ ਰਿਹਾ ਬੀ ਜੇ ਪੀ ਸਰਕਾਰ ਵੱਲੋਂ ਲਿਆਂਦੇ ਗਏ ਇਹ ਬਿੱਲ ਲੋਕਾਂ ਨੂੰ ਉਜਾੜ ਦੇਣਗੇ ਇਸ ਕਰਕੇ ਲੋਕਾਂ ਨੂੰ ਇਸ ਸੰਘਰਸ਼ ਵਿੱਚ ਯੋਗਦਾਨ ਪਾਉਣ ਦਾ ਸੱਦਾ ਦਿੰਦੇ ਹਾਂ।ਇਸ ਮੌਕੇ ਮਨਦੀਪ ਸਿੰਘ, ਜਸਕੌਰ ਸਿੰਘ ਨੇ ਸਟੇਜ ਸੰਚਾਲਨ ਦੀ ਭੂਮਿਕਾ ਨਿਭਾਈ ਗਈ।

ਐਵੇਂ ਤਾਂ ਨੀ ਸਿਰਾਂ ਦੇ ਉੱਤੇ ਤਾਜ ਸਜ਼ਦੇ, ਮਿਹਨਤਾਂ ਹੀ, ਜਿੰਦਗੀ ਚ ਰੰਗ ਲਾਉਂਦੀਆਂ।
ਸੁੱਤਿਆਂ ਦੇ ਸਿਰਾਂ ਤੇ ਨੀ ਤਾਜ ਸਜ਼ਦੇ, ਮਿਹਨਤਾਂ ਹੀ, ਜਿੰਦਗੀ ਚ ਰੰਗ ਲਾਉਂਦੀਆਂ।
ਜਿਹਨਾਂ ਦਿਆਂ ਸਿਰਾਂ ਤੇ ਜਨੂੰਨ ਬੋਲਦਾ, ਰਾਤਾਂ ਨੂੰ ਨਾਂ, ਉਹਨਾਂ ਨੂੰ ਨੀਂਦਾਂ ਆਉਂਦੀਆਂ।

### ਖਬਰ ਦਾ ਬਾਕੀ ਭਾਗ

ਨਾਲ ਪੜ੍ਹਾਇਆ ਜਾਂਦਾ ਹੈ। ਖੇਡ ਵਿਧੀ ਨਾਲ ਬੱਚਾ ਜਿਥੇ ਜਲਦੀ ਸਿੱਖਦਾ ਹੈ,ਉਥੇ ਨਾਲ ਹੀ ਉਸ ਦਾ ਗਿਆਨ ਚਿਰ ਸਥਾਈ ਵੀ ਹੁੰਦਾ ਹੈ। ਸਰਕਾਰੀ ਸਕੂਲ ਦਾ ਅਧਿਆਪਕ ਬੱਚੇ ਨੂੰ ਕਿਤਾਬੀ ਕੀੜਾ ਨਹੀਂ ਬਣਾਉਦਾ ਸਗੋਂ ਉਹ ਬੱਚੇ ਨੂੰ ਪੜ੍ਹਣ ਅਤੇ ਸਿੱਖਣ ਦੀਆਂ ਗਤੀਵਿਧੀਆਂ ਕਰਵਾਉਂਦਾ ਹੈ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ ਨੇ ਅਧਿਆਪਕਾਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਕੋਈ ਵੀ ਬੱਚਾ ਅੱਖਰ ਗਿਆਨ ਤੋਂ ਵਾਂਝਾ ਨਹੀਂ ਰਹਿਣਾ ਚਾਹੀਦਾ। ਇਸ ਲਈ ਸਾਨੂੰ ਸਾਰਿਆਂ ਨੂੰ ਡੋਰ ਟੂ ਡੋਰ ਪਹੁੰਚ ਕਰਨੀ ਚਾਹੀਦੀ ਹੈ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਵਲੋਂ ਜ਼ਿਲ੍ਹਾ ਦਾਖਲਾ ਕਮੇਟੀ ਦੇ ਸਹਿਯੋਗ ਨਾਲ ਦਾਖ਼ਲਾ ਡੈਸਕ ਲਗਾਕੇ ਨਵਾਂ ਦਾਖਲਾ ਸ਼ੁਰੂ ਕੀਤਾ ਗਿਆ। ਇਸ ਵਾਰੇ ਮੀਡੀਆ ਨੂੰ ਜਾਣਕਾਰੀ ਦਿੰਦੇ ਹੋਏ ਗੁਰਦਿਆਲ ਸਿੰਘ ਮੀਡੀਆ ਇੰਚਾਰਜ਼ ਵਲੋਂ ਦੱਸਿਆ ਗਿਆ ਕਿ ਅੱਜ ਦੀ ਜ਼ਿਲ੍ਹਾ ਪੱਧਰੀ ਦਾਖਲਾ ਮੁਹਿੰਮ ਦੇ ਨਾਲ ਹੀ ਸਾਰੇ ਬਲਾਕਾਂ ਵਿੱਚ ਵੀ ਦਾਖਲਾ ਮੁਹਿੰਮ ਦਾ ਅਗਾਜ਼ ਕੀਤਾ ਗਿਆ ਹੈ। ਅੱਜ ਪੇਂਡੂ ਖੇਤਰ ਦੇ ਹਰੇਕ ਸਕੂਲ ਨੂੰ ਘੱਟੋ-ਘੱਟ ਦੋ-ਦੋ ਬੱਚੇ ਅਤੇ ਸ਼ਹਿਰੀ ਖੇਤਰ ਦੇ ਹਰੇਕ ਸਕੂਲ ਨੂੰ ਸਕੂਲਾਂ ਦੀ ਗਿਣਤੀ ਦੇ ਚਾਰ ਗੁਣਾ ਬੱਚੇ ਦਾਖਲ ਕਰਨ ਦਾ ਟੀਚਾ ਦਿੱਤਾ ਗਿਆ ਸੀ। ਖਬਰ ਲਿਖੇ ਜਾਣ ਤੱਕ ਸਾਰੇ ਜ਼ਿਲ੍ਹੇ ਅੰਦਰ ਕਰੀਬ 350 ਬੱਚੇ ਦਾਖਲ ਕੀਤੇ ਜਾ ਚੁੱਕੇ ਸਨ। ਉਨ੍ਹਾਂ ਦੱਸਿਆਂ ਕਿ ਇਹ ਪ੍ਰਕਿਰਿਆ ਲਗਾਤਾਰ ਮਾਰਚ ਮਹੀਨੇ ਤੱਕ ਜਾਰੀ ਰਹੇਗੀ। ਜ਼ਿਲ੍ਹਾ ਅਤੇ ਬਲਾਕ ਟੀਮਾਂ ਰੋਜਾਨਾ ਫੀਲਡ ਵਿੱਚ ਡੋਰ ਟੂ ਡੋਰ ਜਾਕੇ ਦਾਖਲਾ ਕਰਨਗੀਆਂ। ਉਨ੍ਹਾਂ ਦੱਸਿਆ ਕਿ ਇਸ ਦਾਖਲਾ ਮੁਹਿੰਮ ਲਈ ਮਾਪਿਆਂ,ਐਨ ਜੀ ਓਜ਼,ਪੰਚਾਇਤਾਂ,ਐਸ ਐਮ ਸੀਜ਼ ਕਮੇਟੀਆਂ ਅਤੇ ਸਮਾਜ ਸੇਵੀਆਂ ਸੰਸਥਾਵਾਂ ਦਾ ਸਹਿਯੋਗ ਵੀ ਲਿਆ ਜਾਵੇਗਾ। ਉਨ੍ਹਾਂ ਅਧਿਆਪਕਾਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਅਸੀਂ ਜਿਨ੍ਹਾਂ ਵੱਧ ਦਾਖਲਾ ਕਰਾਗੇ,ਜ਼ਿਲ੍ਹੇ ਲਈ ਸਰਕਾਰ ਵਲੋਂ ਉਂਨ੍ਹੀਆਂ ਵੱਧ ਪੋਸਟਾਂ ਦਿੱਤੀਆਂ ਜਾਣਗੀਆਂ। ਜਿਸ ਨਾਲ ਸਾਡੇ ਬੇਰੁਜ਼ਗਾਰ ਪੜ੍ਹੇ ਲਿਖੇ ਬੱਚਿਆਂ ਨੂੰ ਵੱਧ ਨੌਕਰੀਆਂ ਮਿਲਣਗੀਆਂ। ਉਨ੍ਹਾਂ ਇਸ ਮੌਕੇ ਇਹ ਵੀ ਕਿਹਾ ਕਿ ਇਹ ਦਾਖ਼ਲਾ ਹਾਲ ਦੀ ਘੜੀ ਆਰਜ਼ੀ ਕੀਤਾ ਜਾਵੇਗਾ। ਮਾਰਚ ਵਿੱਚ ਇਸ ਨੂੰ ਦਾਖਲੇ ਨੂੰ ਰੈਗੂਲਰ ਕੀਤਾ ਜਾਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਜਿਹੜਾ ਅਧਿਆਪਕ ਜਾ ਸਕੂਲ ਸਭ ਤੋਂ ਵੱਧ ਦਾਖਲਾ ਕਰੇਗਾ ਉਸ ਨੂੰ ਜ਼ਿਲ੍ਹਾ ਦਫ਼ਤਰ ਵਲੋਂ ਪ੍ਰਸ਼ੰਸ਼ਾ ਪੱਤਰ ਦੇਕੇ ਸਨਮਾਨਿਤ ਵੀ ਕੀਤਾ ਜਾਵੇਗਾ। ਇਸ ਮੌਕੇ ਸਰਕਾਰੀ ਸਕੂਲਾਂ ਦੇ ਬੱਚਿਆਂ ਵਲੋਂ ਬਹੁਤ ਸ਼ਾਨਦਾਰ ਸਿੱਖਿਆਦਾਇਕ ਕਲਚਰਲ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ। ਇਸ ਮੌਕੇ ਲਖਵੀਰ ਸਿੰਘ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ, ਅਵਤਾਰ ਸਿੰਘ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ,ਸਤਨਾਮ ਸਿੰਘ ਡੀ ਆਰ ਸੀ,ਸੁਰਿੰਦਰਪਾਲ ਅ ਗ ਨੀ ਹੋ ਤ ਰੀ , ਨ ਵੀ ਨ ਗੁਲਾਟੀ, ਰਾਣੀ, ਰਮਨ ਕੁਮਾਰ, ਪਰਮਜੀਤ ਮਿੱਟੂ, ਅਸ਼ਵਨੀ ਕੁਮਾਰ, ਪਰਮਿੰਦਰ ਕੁਮਾਰ, ਨੀਲ ਕਮਲ, ਗੁਰਦਿਆਲ ਸਿੰਘ, ਨਿਰਮਲ ਕੁਮਾਰ, ਬਜਰੰਗ, ਰਵੀ ਕੁਮਾਰ, ਵਰਿੰਦਰ ਕੁਮਾਰ, ਨਰਿੰਦਰ ਕੌਰ, ਮਨਜੀਤ ਕੌਰ, ਪੁਸ਼ਪਾ ਰਾਣੀ, ਮਨਜੀਤ ਕੌਰ, ਨੀਲਮ ਭਾਟੀਆ, ਰੇਨੂੰ, ਮਨਜੀਤ ਕੌਰ, ਕੁਲਵਿੰਦਰ ਕੌਰ, ਕਮਲਜੀਤ ਕੌਰ, ਸੁਰਿੰਦਰ ਕੌਰ, ਸੋਨੀਆ, ਸਪਨਾ ਬਸੀ ਵੀ ਮੌਜੂਦ ਸਨ।

# ਦਰਦਨਾਕ ਘਟਨਾ: ਪਹਿਲਾਂ ਪੁੱਤਰ ਦਾ ਕਤਲ, ਫਿਰ ਮਾਂ-ਧੀ ਨੇ ਕੀਤੀ ਖੁਦਕੁਸ਼ੀ, ਵਿੱਤੀ ਤੰਗੀ ਬਣੀ ਕਾਰਨ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 08 ਦਸੰਬਰ
INTERNATIONAL PAPER, 94636 01616
hardipchumber57@gmail.com

ਬੈਂਗਲੁਰੂ ਦੇ ਸੁਦਾਗੁੰਟੇਪਾਲਿਆ ਖੇਤਰ ਵਿੱਚ ਇੱਕ ਹੈਰਾਨ ਕਰਨ ਵਾਲੀ ਅਤੇ ਦਰਦਨਾਕ ਘਟਨਾ ਸਾਹਮਣੇ ਆਈ ਹੈ, ਜਿੱਥੇ ਇੱਕ ਹੀ ਪਰਿਵਾਰ ਦੇ ਤਿੰਨ ਮੈਂਬਰਾਂ ਦੀ ਮੌਤ ਹੋ ਗਈ। ਪੁਲਿਸ ਨੂੰ ਸ਼ੱਕ ਹੈ ਕਿ ਆਰਥਿਕ ਤੰਗੀ ਅਤੇ ਭਾਰੀ ਕਰਜ਼ੇ ਕਾਰਨ ਪਰਿਵਾਰ ਨੂੰ ਇਹ ਗੰਭੀਰ ਕਦਮ ਚੁੱਕਣ ਲਈ ਮਜਬੂਰ ਹੋਣਾ ਪਿਆ।

ਮ੍ਰਿਤਕਾਂ ਦੀ ਪਛਾਣ ਮੈਡਮਾ (68), ਉਸਦੀ ਧੀ ਸੁਧਾ (38), ਅਤੇ ਸੁਧਾ ਦੇ 14 ਸਾਲਾ ਪੁੱਤਰ ਮੌਨੀਸ਼ (14) ਵਜੋਂ ਹੋਈ ਹੈ।

ਮੁੱਢਲੀ ਪੁਲਿਸ ਜਾਂਚ ਦੇ ਅਨੁਸਾਰ, ਇਹ ਸ਼ੱਕ ਹੈ ਕਿ 8 ਦਸੰਬਰ ਨੂੰ ਸਵੇਰੇ 9 ਵਜੇ ਦੇ ਕਰੀਬ, ਦੋਵਾਂ ਔਰਤਾਂ ਨੇ ਪਹਿਲਾਂ ਮੌਨੀਸ਼ (ਪੁੱਤਰ) ਨੂੰ ਘਰ ਵਿੱਚ ਮਾਰ ਦਿੱਤਾ ਅਤੇ ਫਿਰ ਖੁਦ ਜ਼ਹਿਰ ਖਾ ਕੇ ਖੁਦਕੁਸ਼ੀ ਕਰ ਲਈ।

ਸੁ ਦਾ ਗੁੰ ਟੇ ਪਾ ਲਿ ਆ ਪੁਲਿਸ ਅਤੇ ਡੀਸੀਪੀ ਸਾਰਾ ਫਾਤਿਮਾ ਨੇ ਘਟਨਾ ਸਥਾਨ ਦਾ ਦੌਰਾ ਕੀਤਾ। ਮੌਤ ਦੇ ਕਾਰਨ ਅਤੇ ਹੋਰ ਮਹੱਤਵਪੂਰਨ ਸਬੂਤਾਂ ਦੀ ਭਾਲ ਲਈ ਸੋਕੋ (SOCO) ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ।

ਕੀ ਵਿੱਤੀ ਤੰਗੀ ਸੀ ਮੌਤ ਦਾ ਕਾਰਨ?

ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਪਰਿਵਾਰ ਲੰਬੇ ਸਮੇਂ ਤੋਂ ਆਰਥਿਕ ਸੰਘਰਸ਼ ਕਰ ਰਿਹਾ ਸੀ।

ਉਹ ਪਹਿਲਾਂ ਬਿਰਿਆਨੀ ਦਾ ਕਾਰੋਬਾਰ ਚਲਾਉਂਦੇ ਸਨ, ਜਿਸ ਨੂੰ ਬਾਅਦ ਵਿੱਚ ਚਿਪਸ ਬਣਾਉਣ ਵਾਲੀ ਯੂਨਿਟ ਵਿੱਚ ਬਦਲ ਦਿੱਤਾ ਗਿਆ।

ਦੋਵੇਂ ਕਾਰੋਬਾਰਾਂ ਨੂੰ ਲਗਾਤਾਰ ਘਾਟਾ ਪਿਆ, ਜਿਸ ਕਾਰਨ ਪਰਿਵਾਰ ਸਿਰ ਕਰਜ਼ਾ ਵਧਦਾ ਗਿਆ।

ਘਰ ਦਾ ਗੁਜ਼ਾਰਾ ਚਲਾਉਣ ਲਈ, ਮੈਡਮਾ ਅਤੇ ਸੁਧਾ ਹਾਲ ਹੀ ਵਿੱਚ ਘਰੇਲੂ ਨੌਕਰਾਣੀ ਅਤੇ ਛੋਟੇ ਪੱਧਰ 'ਤੇ ਦੁੱਧ ਵੰਡਣ ਦਾ ਕੰਮ ਕਰ ਰਹੀਆਂ ਸਨ।

ਜਾਣਕਾਰੀ ਅਨੁਸਾਰ, ਸੁਧਾ ਕਈ ਸਾਲਾਂ ਤੋਂ ਆਪਣੇ ਪਤੀ ਤੋਂ ਵੱਖ ਰਹਿ ਰਹੀ ਸੀ ਅਤੇ ਆਪਣੀ ਮਾਂ ਅਤੇ ਪੁੱਤਰ ਨਾਲ ਰਹਿੰਦੀ ਸੀ।

ਪੁਲਿਸ ਨੇ ਸ਼ੱਕ ਜਤਾਇਆ ਹੈ ਕਿ ਭਾਰੀ ਕਰਜ਼ੇ ਅਤੇ ਪ੍ਰੇਸ਼ਾਨੀ ਨੇ ਪਰਿਵਾਰ ਨੂੰ ਇਹ ਅਤਿਅੰਤ ਕਦਮ ਚੁੱਕਣ ਲਈ ਮਜਬੂਰ ਕੀਤਾ ਹੋਵੇਗਾ। ਲਾਸ਼ਾਂ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ, ਅਤੇ ਪੂਰੇ ਮਾਮਲੇ ਦੀ ਵਿਸਥਾਰਤ ਜਾਂਚ ਜਾਰੀ ਹੈ।

# ਬਠਿੰਡਾ ਜ਼ਿਲ੍ਹਾ ਪ੍ਰੀਸ਼ਦ ਦੀਆਂ 17 ਅਤੇ ਪੰਚਾਇਤ ਸੰਮਤੀ ਦੀਆਂ 137 ਸੀਟਾਂ ਲਈ 511 ਉਮੀਦਵਾਰ ਮੈਦਾਨ ਵਿੱਚ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 08 ਦਸੰਬਰ
INTERNATIONAL PAPER, 94636 01616
hardipchumber57@gmail.com

ਬਠਿੰਡਾ, 8 ਦਸੰਬਰ 2025: ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਦੇ ਮੱਦੇਨਜ਼ਰ 14 ਦਸੰਬਰ ਨੂੰ ਪੈਣ ਵਾਲੀਆਂ ਵੋਟਾਂ ਲਈ ਕੁੱਲ 511 ਉਮੀਦਵਾਰਾਂ ਵੱਲੋਂ ਚੋਣ ਲੜੀ ਜਾਵੇਗੀ। ਜ਼ਿਲ੍ਹਾ ਪ੍ਰੀਸ਼ਦ ਦੀਆਂ 17 ਸੀਟਾਂ ਲਈ 63 ਉਮੀਦਵਾਰਾਂ ਤੇ ਪੰਚਾਇਤ ਸੰਮਤੀ ਦੇ 8 ਬਲਾਕਾਂ ਦੀਆਂ 137 ਸੀਟਾਂ ਲਈ 448 ਉਮੀਦਵਾਰ ਚੋਣ ਮੈਦਾਨ ਵਿੱਚ ਹਨ। ਇਹ ਜਾਣਕਾਰੀ ਜ਼ਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ ਸ੍ਰੀ ਰਾਜੇਸ਼ ਧੀਮਾਨ ਨੇ ਸਾਂਝੀ ਕੀਤੀ।

ਜ਼ਿਲ੍ਹਾ ਚੋਣ ਅਫਸਰ ਨੇ ਅੱਗੇ ਦੱਸਿਆ ਕਿ ਜ਼ਿਲ੍ਹਾ ਪ੍ਰੀਸ਼ਦ ਦੀਆਂ 17 ਸੀਟਾਂ ਲਈ (ਫੂਸ ਮੰਡੀ ਤੋਂ 2, ਬਲਾਹੜ ਵਿੰਝੂ, ਬੁਰਜ ਗਿੱਲ, ਬਹਿਮਣ ਦੀਵਾਨਾ, ਮੰਡੀ ਕਲਾਂ ਤੋਂ 3-3, ਕਿਲੀ ਨਿਹਾਲ ਸਿੰਘ, ਭੁੱਚੋਂ ਕਲਾਂ, ਬਾਂਡੀ, ਪੱਕਾ ਕਲਾਂ, ਬੰਗੀ ਰੁਲਦੂ, ਮਾਈਸਰਖਾਨਾ, ਜੋਧਪੁਰ ਪਾਖਰ, ਸਿਰੀਏਵਾਲਾ, ਪੂਹਲਾ, ਜੈ ਸਿੰਘ ਵਾਲਾ ਅਤੇ ਕਰਾੜ ਵਾਲਾ ਤੋਂ 4-4 ਅਤੇ ਜੋਨ ਸਿੰਗੋ ਤੋਂ 5) ਲਈ 63 ਉਮੀਦਵਾਰਾਂ ਵਲੋਂ ਚੋਣ ਲੜੀ ਜਾਵੇਗੀ।

ਜ਼ਿਲ੍ਹਾ ਚੋਣ ਅਫਸਰ ਸ੍ਰੀ ਰਾਜੇਸ਼ ਧੀਮਾਨ ਨੇ ਦੱਸਿਆ ਕਿ ਪੰਚਾਇਤ ਸੰਮਤੀ ਦੀਆਂ 137 ਸੀਟਾਂ (ਬਲਾਕ ਬਠਿੰਡਾ ਤੇ ਮੌੜ 46-46, ਗੋਨਿਆਣਾ 53, ਤਲਵੰਡੀ ਸਾਬੋ 82, ਸੰਗਤ 48, ਰਾਮਪੁਰਾ 54, ਨਥਾਣਾ 58 ਅਤੇ ਬਲਾਕ ਫੂਲ ਤੋਂ 61) ਲਈ 448 ਉਮੀਦਵਾਰ ਚੋਣ ਮੈਦਾਨ ਵਿੱਚ ਹਨ।



ਉਨ੍ਹਾਂ ਦੱਸਿਆ ਕਿ 14 ਦਸੰਬਰ 2025 ਨੂੰ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਲਈ ਵੋਟਿੰਗ ਸਵੇਰੇ 8 ਤੋਂ ਸ਼ਾਮ 4 ਵਜੇ ਤੱਕ ਹੋਵੇਗੀ ਅਤੇ 17 ਦਸੰਬਰ 2025 ਨੂੰ ਵੋਟਾਂ ਦੀ ਗਿਣਤੀ ਕਰਕੇ ਨਤੀਜੇ ਘੋਸ਼ਿਤ ਕੀਤੇ ਜਾਣਗੇ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 08 ਦਸੰਬਰ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

ਬਾਬਾ ਸਾਹਿਬ ਕਹਿੰਦੇ ਹਨ

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੇ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

## ਘੱਟ ਗਿਣਤੀਆਂ ਨੂੰ ਸਮਝਣਾ ਚਾਹੀਦਾ ਹੈ, ਅਧਿਕਾਰਾਂ ਦੇ ਨਾਂ 'ਤੇ ਜ਼ੁਲਮ ਨਾ ਕਰੋ।

ਗਰੁੜ: 26 ਅਕਤੂਬਰ ਅਤੇ 2 ਨਵੰਬਰ, 1947

ਭਾਰਤ ਸਰਕਾਰ ਦੇ ਕਾਨੂੰਨ ਮੰਤਰੀ ਅਤੇ ਭਾਰਤੀ ਅਛੂਤਾਂ ਦੇ ਮਹਾਨ ਆਗੂ ਡਾ: ਬਾਬਾ ਸਾਹਿਬ ਅੰਬੇਡਕਰ ਨੇ ਹਾਲ ਹੀ ਵਿੱਚ ਮੁੰਬਈ ਦਾ ਦੌਰਾ ਕੀਤਾ ਸੀ। ਉਸ ਸਮੇਂ ਦੌਰਾਨ, 10 ਅਕਤੂਬਰ, 1947 ਨੂੰ, ਉਸਨੇ ਸਿਧਾਰਥ ਕਾਲਜ, ਮੁੰਬਈ



ਵਿੱਚ ਵਿਦਿਆਰਥੀਆਂ ਦਾ ਮਾਰਗਦਰਸ਼ਨ ਕਰਦੇ ਹੋਏ ਇੱਕ ਵਿਦਵਤਾ ਭਰਪੂਰ ਭਾਸ਼ਣ ਦਿੱਤਾ। ਉਸਨੇ ਕਿਹਾ -

ਸ਼੍ਰੀਮਾਨ ਸਪੀਕਰ ਅਤੇ ਸਦਨ ਵਿੱਚ ਮੌਜੂਦ ਮੈਂਬਰਾਂ, ਮੈਨੂੰ ਅਫਸੋਸ ਹੈ ਕਿ ਇਸ ਮਹੱਤਵਪੂਰਨ ਮੌਕੇ ਦੇ ਯੋਗ ਭਾਸ਼ਣ ਨੂੰ ਤਿਆਰ ਕਰਨ ਲਈ ਜਿੰਨਾ ਸਮਾਂ ਜ਼ਰੂਰੀ ਸੀ, ਓਨਾ ਸਮਾਂ ਦੇਣਾ ਮੇਰੇ ਲਈ ਲਗਭਗ ਅਸੰਭਵ ਸੀ। ਕਿਉਂਕਿ ਇਹ ਸਮਾਂ ਦੇਸ਼ ਦੇ ਸਿਆਸੀ ਜੀਵਨ ਵਿੱਚ ਬਹੁਤ ਮਹੱਤਵਪੂਰਨ ਹੈ। ਹੁਣ ਤੱਕ ਸਾਡੇ ਵਿੱਚੋਂ ਬਹੁਤੇ ਵਿਦਿਆਰਥੀਆਂ ਨੇ ਰਾਜਨੀਤਿਕ ਅੰਦੋਲਨਾਂ ਵੱਲ ਧਿਆਨ ਦੇਣਾ ਸ਼ੁਰੂ ਕਰ ਦਿੱਤਾ ਹੈ, ਇਹ ਸੱਚ ਹੈ, ਪਰ ਰਾਜਨੀਤੀ ਕੀ ਹੈ, ਰਾਜਨੀਤੀ ਵਿੱਚ ਕਿਹੜੀਆਂ ਜ਼ਿੰਮੇਵਾਰੀਆਂ ਲੈਣੀਆਂ ਪੈਂਦੀਆਂ ਹਨ ਅਤੇ ਰਾਜਨੀਤਿਕ ਮਾਮਲਿਆਂ ਵਿੱਚ ਸਫਲਤਾ ਪ੍ਰਾਪਤ ਕਰਨ ਲਈ ਕਿਹੜੇ ਰਸਤੇ ਅਪਣਾਉਣੇ ਪੈਂਦੇ ਹਨ। ਇਸ ਵਿੱਚ ਕੋਈ ਅਸਲੀ ਭਾਵਨਾ ਨਹੀਂ ਹੈ. ਯੂਨੀਵਰਸਿਟੀ ਜੀਵਨ, ਜੀਵਨ ਦੇ ਅਸਲ ਸਵਾਲਾਂ ਅਤੇ ਰਾਜਨੀਤੀ ਵਿੱਚ ਕੋਈ ਮੇਲ ਨਹੀਂ ਸੀ। ਜਦੋਂ ਤੁਸੀਂ ਕਹਿੰਦੇ ਹੋ ਕਿ ਅਸੀਂ ਜੀਵਨ ਦੇ ਇੱਕ ਨਵੇਂ ਖੇਤਰ ਵਿੱਚ ਪ੍ਰਵੇਸ਼ ਕੀਤਾ ਹੈ, ਤਾਂ ਮੈਂ ਤੁਹਾਡੇ ਤੋਂ ਉਮੀਦ ਕਰਦਾ ਹਾਂ ਕਿ ਤੁਸੀਂ ਇਸ ਕਾਲਜ ਦੀ ਵਿਦਿਆਰਥੀ ਸੰਸਦ ਦੀ ਸਥਾਪਨਾ ਕੀਤੀ ਹੈ ਅਤੇ ਜਿਹੜੀਆਂ ਚੀਜ਼ਾਂ ਤੁਹਾਨੂੰ ਇਸ ਦੁਆਰਾ ਪ੍ਰਾਪਤ ਕਰਨੀਆਂ ਹਨ ਉਹ ਹਨ -

1. ਆਪਣੇ ਮਨ ਨੂੰ ਵਿਕਸਿਤ ਕਰਨਾ, ਆਪਣੇ ਉਦੇਸ਼ ਦਾ ਵਿਸਤਾਰ ਕਰਨਾ, ਆਪਣੀ ਸੋਚਣ ਦੀ ਸਮਰੱਥਾ ਨੂੰ ਵਧਾਉਣਾ, ਔਖੇ ਸਵਾਲਾਂ ਨੂੰ ਹੱਲ ਕਰਨ ਦੀ ਆਪਣੀ ਸ਼ਕਤੀ ਨੂੰ ਵਧਾਉਣਾ।

2. ਇਸ ਦੇਸ਼ ਦੇ ਲੋਕਾਂ ਨੂੰ ਦਰਪੇਸ਼ ਵੱਡੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਤੁਹਾਡੇ ਦੁਆਰਾ ਪ੍ਰਾਪਤ ਕੀਤੀ ਸ਼ਕਤੀ, ਯੋਗਤਾ, ਟੀਚੇ ਅਤੇ ਤਾਕਤ ਦੀ ਵਰਤੋਂ ਕਰੋ। ਅਤੇ ਇਹ ਕੋਈ ਆਸਾਨ ਗੱਲ ਨਹੀਂ ਹੈ। ਸਟੱਡੀ ਰੂਮ ਜਾਂ ਸਾਇੰਸ ਲੈਬਾਰਟਰੀ ਵਿਚ ਆਰਾਮ ਨਾਲ ਬੈਠ ਕੇ ਅਜਿਹੇ ਸਵਾਲ ਹੱਲ ਨਹੀਂ ਕੀਤੇ ਜਾ ਸਕਦੇ। ਇਹ ਕੰਮ ਇੰਨੇ ਆਸਾਨ ਨਹੀਂ ਹਨ। ਇਨ੍ਹਾਂ ਨੂੰ ਹੱਲ ਕਰਨ ਲਈ ਇਸ ਤੋਂ ਵੱਧ ਕੁਝ ਕਰਨ ਦੀ ਲੋੜ ਹੈ।

ਇੱਥੇ ਤੁਸੀਂ ਸਿਰਫ਼ ਰਾਜਨੀਤੀ ਸ਼ਾਸਤਰ, ਇਤਿਹਾਸ, ਵਪਾਰ, ਆਯਾਤ-ਨਿਰਯਾਤ, ਮੁਦਰਾ ਅਤੇ ਹੋਰ ਵਿਸ਼ਿਆਂ ਦਾ ਅਧਿਐਨ ਨਹੀਂ ਕਰ ਰਹੇ ਹੋ ਜਿਨ੍ਹਾਂ ਨੇ ਸਾਡੇ ਜੀਵਨ ਵਿੱਚ ਮਹੱਤਵਪੂਰਨ ਸਥਾਨ ਲਿਆ ਹੈ, ਸਗੋਂ ਤੁਸੀਂ ਜੋ ਗਿਆਨ ਪ੍ਰਾਪਤ ਕਰੋਗੇ, ਉਸ ਦੀ ਮਦਦ ਨਾਲ ਤੁਸੀਂ ਨਾ ਸਿਰਫ਼ ਪੜ੍ਹ ਸਕੋਗੇ, ਉਸ ਦੇ ਅਨੁਸਾਰ ਆਪਣੇ ਵਿੱਚ ਸੁਧਾਰ ਕਰੋ ਉਹ ਤੁਹਾਡੀ ਮਦਦ ਕਰਨਗੇ। ਮੁਸ਼ਕਲ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਇਸ ਦੇਸ਼ ਦੀ ਸਫਲਤਾਪੂਰਵਕ ਅਗਵਾਈ ਕਰਨ ਵਾਲੇ ਸਿਆਸਤਦਾਨ ਵੀ ਹਨ, ਤੁਸੀਂ ਉਨ੍ਹਾਂ ਨੂੰ ਦੱਸੋਗੇ ਕਿ ਉਹ ਕਿੱਥੇ ਗਲਤੀਆਂ ਕਰ ਰਹੇ ਹਨ। ਇਸ ਲਈ ਮੈਂ ਕਹਿੰਦਾ ਹਾਂ ਕਿ ਘੱਟੋ-ਘੱਟ ਇਸ ਕਾਲਜ ਦੇ ਵਿਦਿਆਰਥੀ ਅਤੇ ਮੈਨੂੰ ਉਮੀਦ ਹੈ ਕਿ ਪੂਰੇ ਭਾਰਤ ਵਿੱਚ ਨਹੀਂ ਤਾਂ ਇਸ ਖੇਤਰ ਦੇ ਹੋਰ ਕਾਲਜਾਂ ਦੇ ਵਿਦਿਆਰਥੀ ਵੀ ਅੱਜ ਇੱਕ ਨਵੀਂ ਦਿਸ਼ਾ ਵੱਲ ਵਧ ਰਹੇ ਹਨ।

ਮੈਨੂੰ ਯਕੀਨ ਹੈ ਕਿ ਤੁਸੀਂ ਇਸ ਸੰਸਦ ਨੂੰ ਸਿਰਫ਼ ਮਨੋਰੰਜਨ ਦਾ ਸਾਧਨ ਨਹੀਂ ਸਮਝੋਗੇ। ਹੋ ਸਕਦਾ ਹੈ ਕਿ ਕੁਝ ਨੌਜਵਾਨ ਬਹੁਤ ਜ਼ਿਆਦਾ ਜੋਸ਼ ਵਿੱਚ ਹੋਣ ਅਤੇ ਸੋਚਣ ਕਿ ਇਹ ਕਿਸੇ ਬਾਰੇ ਬੁਰਾ ਬੋਲਣ ਜਾਂ ਕਿਸੇ ਦਾ ਮਜ਼ਾਕ ਉਡਾਉਣ ਦੀ ਚੰਗੀ ਜਗ੍ਹਾ ਹੈ, ਪਰ ਉਨ੍ਹਾਂ ਨੂੰ ਅਜਿਹਾ ਨਹੀਂ ਸੋਚਣਾ ਚਾਹੀਦਾ। ਮੈਂ ਉਮੀਦ ਕਰਦਾ ਹਾਂ ਕਿ ਤੁਸੀਂ ਇਸ ਸਥਾਨ ਦੀ ਮਹੱਤਤਾ ਨੂੰ ਸਮਝੋਗੇ ਅਤੇ ਇਸ ਵਿੱਚ ਬਰਾਬਰ ਸੰਜੀਦਗੀ ਨਾਲ ਹਿੱਸਾ ਲਓਗੇ। ਅਤੇ ਮੈਂ ਇਹ ਵੀ ਉਮੀਦ ਕਰਦਾ ਹਾਂ ਕਿ, ਨਾ ਸਿਰਫ਼ ਸਰਕਾਰ ਦੇ ਮੈਂਬਰਾਂ ਅਤੇ ਵਿਰੋਧੀ ਧਿਰ ਦੇ ਨੇਤਾਵਾਂ ਵਿਚਕਾਰ, ਸਗੋਂ ਇਸ ਸਭਾ-ਹਾਲ ਦੇ ਸਾਰੇ ਮੈਂਬਰਾਂ ਵਿਚਕਾਰ ਵੀ, ਆਪੋ-ਆਪਣੀ ਸਮਰੱਥਾ ਅਨੁਸਾਰ ਪੇਸ਼ ਕੀਤੇ ਗਏ ਸਵਾਲਾਂ 'ਤੇ ਅਧਿਐਨ ਕੀਤੀ ਬਹਿਸ ਹੋਵੇਗੀ।

ਇਸ ਤੋਂ ਇਲਾਵਾ ਤੁਹਾਨੂੰ ਇਕ ਗੱਲ ਹੋਰ ਧਿਆਨ ਵਿਚ ਰੱਖਣੀ ਪਵੇਗੀ ਅਤੇ ਉਹ ਇਹ ਹੈ ਕਿ ਤਾਨਾਸ਼ਾਹੀ ਸ਼ਾਸਨ ਪ੍ਰਣਾਲੀ ਵਿਚ ਅਫ਼ਸਰਸ਼ਾਹੀ ਜਾਂ ਰਾਜੇ ਦੀ ਰਾਏ ਅਨੁਸਾਰ ਕਾਨੂੰਨ ਬਣਾਏ ਜਾਂਦੇ ਹਨ ਅਤੇ ਅਜਿਹੀਆਂ ਥਾਵਾਂ 'ਤੇ ਬੋਲਣਾ ਬੇਲੋੜਾ ਹੋ ਜਾਂਦਾ ਹੈ। ਸ਼ਾਸਕ ਹੋਵੇ ਜਾਂ ਨੌਕਰਸ਼ਾਹ, ਉਸ ਨੂੰ ਕਿਸੇ ਦੀ ਗੱਲ ਵੱਲ ਧਿਆਨ ਦੇਣ ਦੀ ਲੋੜ ਨਹੀਂ ਕਿਉਂਕਿ ਉਸ ਦੀ ਮਰਜ਼ੀ ਕਾਨੂੰਨ ਹੈ। ਪਰ ਸੰਸਦ ਵਿੱਚ ਕਾਨੂੰਨ ਬਣਦੇ ਹਨ ਅਤੇ ਇਹ ਕਾਨੂੰਨ ਲੋਕਾਂ ਦੀ ਇੱਛਾ ਅਨੁਸਾਰ ਹੀ ਬਣਦੇ ਹਨ, ਪਰ ਵਿਰੋਧੀ ਧਿਰ ਨੂੰ ਆਪਣੇ ਵੱਲ ਖਿੱਚਣ ਦੀ ਕਲਾ ਸਿਰਫ਼ ਉਹੀ ਹੀ ਰੱਖਦਾ ਹੈ ਜੋ ਵਿਰੋਧੀ ਵੋਟਾਂ ਨਾਲ ਜਿੱਤ ਸਕਦਾ ਹੈ। ਤੁਸੀਂ ਇਸ ਹਾਲ ਵਿੱਚ ਉਨ੍ਹਾਂ ਨਾਲ ਲੜ ਕੇ ਨਹੀਂ ਜਿੱਤ ਸਕਦੇ ਜੋ ਤੁਹਾਡੇ ਵਿਰੁੱਧ ਹਨ। ਇਸੇ ਤਰ੍ਹਾਂ ਘੱਟ ਗਿਣਤੀ ਲੋਕ ਗੁੰਡਿਆਂ ਨੂੰ ਲਿਆ ਕੇ ਬਹੁਗਿਣਤੀ 'ਤੇ ਦਬਾਅ ਨਹੀਂ ਪਾ ਸਕਦੇ। ਬਹੁਗਿਣਤੀ ਵੀ ਘੱਟ ਗਿਣਤੀਆਂ 'ਤੇ ਹਮਲਾ ਨਹੀਂ ਕਰ ਸਕਦੀ। ਜਿਨ੍ਹਾਂ ਨੇ ਇਸ ਹਾਲ ਵਿੱਚ ਆਪਣੀ ਗੱਲ ਪਹੁੰਚਾਉਣੀ ਹੈ ਉਹ ਆਪਣੀ ਜਾਣਕਾਰੀ ਦੇ ਆਧਾਰ 'ਤੇ ਹੀ ਮਨਾ ਸਕਦੇ ਹਨ। ਉਸ ਦੇ ਵਿਰੋਧੀਆਂ ਨੂੰ ਉਸ ਨੇ ਬਹਿਸ ਰਾਹੀਂ ਹੀ ਜਿੱਤਣਾ ਹੈ। ਬਹਿਸ ਨਰਮ ਜਾਂ ਗਰਮ ਹੋ ਸਕਦੀ ਹੈ, ਪਰ ਇਹ ਹਮੇਸ਼ਾ ਤਰਕਪੂਰਨ ਅਤੇ ਵਿਚਾਰਸ਼ੀਲ ਹੋਣੀ ਚਾਹੀਦੀ ਹੈ। ਇਸ ਲਈ ਸੰਸਦ ਵਰਗੀਆਂ ਸੰਸਥਾਵਾਂ ਵਿੱਚ ਸਫਲਤਾ ਦੀ ਕੁੰਜੀ ਸਦਨ ਨੂੰ ਕੰਟਰੋਲ ਕਰਨ ਦੀ ਸਮਰੱਥਾ ਹੈ। ਤੁਹਾਨੂੰ ਜ਼ਰੂਰੀ ਵਿਸ਼ਿਆਂ 'ਤੇ ਚਰਚਾ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੋ ਕੇ ਸੰਸਦ ਹਾਲ ਵਿਚ ਆਉਣਾ ਪਵੇਗਾ ਅਤੇ ਸੰਸਦ ਵਿਚ ਭਾਸ਼ਣ ਦੇਣ ਦੀ ਕਲਾ ਸਿੱਖਣ ਲਈ ਸਖ਼ਤ ਮਿਹਨਤ ਕਰਨੀ ਪਵੇਗੀ। ਆਪਣੇ ਤਜ਼ਰਬੇ ਦੇ ਆਧਾਰ 'ਤੇ ਇਸ ਕਲਾ ਨੂੰ ਸਿੱਖਣਾ ਕੋਈ ਔਖਾ ਕੰਮ ਨਹੀਂ ਹੈ। ਮੈਂ ਖੁਦ ਕੋਈ ਮਹਾਨ ਬੁਲਾਰਾ ਨਹੀਂ ਹਾਂ। ਅਤੇ ਮੰਨ ਲਓ ਕਿ ਕਿਸੇ ਨੇ ਭਾਰਤੀ ਰਾਜਨੀਤੀ ਵਿੱਚ ਭਾਗ ਲੈਣ ਵਾਲਿਆਂ ਵਿੱਚੋਂ ਚੰਗੇ ਬੁਲਾਰਿਆਂ ਦੀ ਸੂਚੀ ਬਣਾਉਣ ਬਾਰੇ ਸੋਚਿਆ, ਤਾਂ ਫਿਰ ਵੀ ਉਹ ਕਿਸੇ ਵੀ ਤਾਕਤ ਨਾਲ ਮੇਰਾ ਨਾਮ ਉਸ ਸੂਚੀ ਵਿੱਚ ਸ਼ਾਮਲ ਨਹੀਂ ਕਰ ਸਕੇਗਾ, ਅਤੇ ਮੈਨੂੰ ਇਹ ਸਨਮਾਨ ਪ੍ਰਾਪਤ ਕਰਨ ਦੀ ਕੋਈ ਇੱਛਾ ਨਹੀਂ ਹੈ। ਇੱਕ ਸਮਾਂ ਸੀ ਜਦੋਂ ਮੈਂ ਆਪਣੀ ਝਿਜਕ ਤੋਂ ਛੁਟਕਾਰਾ ਪਾਉਣ ਲਈ ਚਿੰਤਤ ਸੀ। ਮੈਂ ਇਸ ਬਾਰੇ ਬਹੁਤ ਨਿਰਾਸ਼ ਸੀ ਮੈਂ ਸਿਡਨਹੈਮ ਕਾਲਜ ਦੀ ਨੌਕਰੀ ਛੱਡਣ ਬਾਰੇ ਵੀ ਸੋਚਿਆ ਕਿਉਂਕਿ ਇਸ ਡਰ ਕਾਰਨ ਕਿ ਵਿਦਿਆਰਥੀ ਮੇਰਾ ਮਜ਼ਾਕ ਕਰਨਗੇ। ਪਰ ਮੈਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ ਕਿ ਜੋ ਮੇਰੇ ਵਰਗੇ ਡਰਦੇ ਹਨ, ਉਨ੍ਹਾਂ ਨੂੰ ਆਪਣਾ ਡਰ ਛੱਡ ਦੇਣਾ ਚਾਹੀਦਾ ਹੈ ਅਤੇ ਭਾਸ਼ਾ ਵਿੱਚ ਮੁਹਾਰਤ ਹਾਸਲ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਮੇਰੇ ਅਨੁਸਾਰ ਇਸ ਵਿੱਚ ਕੁਝ ਵੀ ਔਖਾ ਨਹੀਂ ਹੈ।

ਜੇਕਰ ਇਸ ਸਭਾ ਨੂੰ ਸਹੀ ਢੰਗ ਨਾਲ ਚਲਾਉਣਾ ਹੈ ਤਾਂ ਸਪੀਕਰ ਦੇ ਫੈਸਲੇ ਦਾ ਸਨਮਾਨ ਕਰਨਾ ਸ਼ਰਤ ਹੈ। ਤੁਹਾਨੂੰ ਸਪੀਕਰ ਦੇ ਫੈਸਲੇ 'ਤੇ ਕਿਸੇ ਕਿਸਮ ਦਾ ਸ਼ੱਕ ਨਹੀਂ ਕਰਨਾ ਚਾਹੀਦਾ। ਜੇਕਰ ਅਜਿਹਾ ਸਵਾਲ ਪੈਦਾ ਹੁੰਦਾ ਹੈ ਅਤੇ ਜੇਕਰ ਕੋਈ ਪਿਛਲਾ ਹਵਾਲਾ ਉਪਲਬਧ ਨਹੀਂ ਹੈ ਜਾਂ ਸਪੀਕਰ ਲਈ ਫੌਰੀ ਤੌਰ 'ਤੇ ਫੈਸਲਾ ਲੈਣਾ ਅਸੰਭਵ ਹੈ, ਤਾਂ ਸਪੀਕਰ ਖੁਦ ਵੱਖ-ਵੱਖ ਪਾਰਟੀਆਂ ਦੇ ਮੈਂਬਰਾਂ ਨੂੰ ਉਸ ਸਵਾਲ 'ਤੇ ਆਪਣੇ ਵਿਚਾਰ ਪ੍ਰਗਟ ਕਰਨ ਲਈ ਕਹੇਗਾ ਅਤੇ ਪ੍ਰਗਟਾਏ ਗਏ ਵਿਚਾਰਾਂ ਦੀ ਪੜਤਾਲ ਕਰੇਗਾ ਅਤੇ ਉਨ੍ਹਾਂ ਦੇ ਅਰਥ ਸਮਝਾਏਗਾ। ਕਿਸੇ ਵੀ ਫੈਸਲੇ ਸਬੰਧੀ ਅਜਿਹੀ ਜਾਂਚ ਤੋਂ ਬਾਅਦ ਚੇਅਰਮੈਨ ਵੱਲੋਂ ਲਏ ਗਏ ਫੈਸਲੇ ਨੂੰ ਅੰਤਿਮ ਸਜ਼ਾ ਵਜੋਂ ਸਵੀਕਾਰ ਕਰਨਾ ਪਵੇਗਾ, ਭਾਵੇਂ ਉਹ ਗਲਤ ਕਿਉਂ ਨਾ ਹੋਵੇ। ਕੁਝ ਸਾਲਾਂ ਨੂੰ ਛੱਡ ਕੇ, ਮੈਂ 1926 ਤੋਂ 1946 ਤੱਕ ਲਗਭਗ ਸਾਰੇ ਸਾਲਾਂ ਵਿੱਚ ਸੰਸਦੀ ਕਾਰਜਾਂ ਵਿੱਚ ਹਿੱਸਾ ਲਿਆ ਹੈ। ਮੈਂ ਉਸ ਸਮੇਂ ਦੌਰਾਨ ਹਰ ਤਰ੍ਹਾਂ ਦੇ ਸਪੀਕਰਾਂ ਨੂੰ ਦੇਖਿਆ। ਉਨ੍ਹਾਂ ਵਿਚੋਂ ਬਹੁਤ ਸਾਰੇ ਚੰਗੇ ਸਨ, ਕੁਝ ਨਹੀਂ ਸਨ, ਕੁਝ ਨਿਰਪੱਖ ਸਨ, ਕੁਝ ਯੋਗ ਸਨ, ਕੁਝ ਅਯੋਗ ਸਨ, ਕੁਝ ਸੰਤੁਲਿਤ ਸਨ ਅਤੇ ਕੁਝ ਹੋਰ ਖੂਬੀਆਂ ਅਤੇ ਕਮੀਆਂ ਨਾਲ ਭਰੇ ਸਨ ਪਰ ਅਸੀਂ ਹਮੇਸ਼ਾ ਉਨ੍ਹਾਂ ਦੇ ਨਿਰਣੇ ਦਾ ਸਤਿਕਾਰ ਕਰਦੇ ਹਾਂ।

ਦਰਅਸਲ, ਇਹ ਦੁੱਖ ਦੀ ਗੱਲ ਹੈ ਕਿ ਸੰਸਦ ਦਾ ਕੰਮ ਕਿਵੇਂ ਚੱਲਦਾ ਹੈ, ਤੁਹਾਨੂੰ ਇਸ ਦਾ ਸਿੱਧਾ ਗਿਆਨ ਨਹੀਂ ਮਿਲਦਾ। ਜੇ ਤੁਹਾਡੇ ਕੋਲ ਪੈਰਿਸ, ਲੰਡਨ ਜਾਂ ਸੰਯੁਕਤ ਰਾਜ ਅਮਰੀਕਾ ਜਾਣ ਅਤੇ ਉਨ੍ਹਾਂ ਥਾਵਾਂ 'ਤੇ ਸੰਮੇਲਨਾਂ ਦਾ ਦੌਰਾ ਕਰਨ ਦਾ ਮੌਕਾ ਹੈ, ਤਾਂ ਤੁਹਾਡੇ ਕੋਲ ਇਨ੍ਹਾਂ ਤਿੰਨਾਂ ਮੀਟਿੰਗਾਂ ਦੇ ਵਿਚਕਾਰ ਦਿਲਚਸਪ ਅੰਤਰ ਦੇਖਣ ਦਾ ਮੌਕਾ ਹੋਵੇਗਾ। ਤੁਸੀਂ ਦੇਖੋਗੇ ਕਿ ਪੈਰਿਸ ਵਿਚ ਸਿਨਾਗੌਗ ਹੈਰਾਨੀ ਦਾ ਨਮੂਨਾ ਹੈ।

ਇੱਕ ਵਾਰ ਮੈਨੂੰ ਪੈਰਿਸ ਦੇ ਜੁਨੀਅਰ ਹਾਲ ਵਿੱਚ ਦੋ-ਤਿੰਨ ਦਿਨ ਲਗਾਤਾਰ ਜਾਣਾ ਪਿਆ। ਉਥੇ ਜੋ ਕੁਝ ਹੋ ਰਿਹਾ ਸੀ, ਉਸ ਨੂੰ ਦੇਖ ਕੇ ਮੈਨੂੰ ਲੱਗਾ ਕਿ ਕ੍ਰਾਫੋਰਡ ਮਾਰਕੀਟ (ਸਬਜ਼ੀ ਮੰਡੀ) ਅਤੇ ਉਸ ਜਗ੍ਹਾ ਵਿਚ ਕੋਈ ਫਰਕ ਨਹੀਂ ਸੀ। ਉਸ ਸੰਸਦ ਵਿੱਚ ਲੋਕ ਇਧਰ-ਉਧਰ ਜਾ ਆ ਰਹੇ ਸਨ ਅਤੇ ਉੱਥੇ ਅਨੁਸ਼ਾਸਨ ਨਾਂ ਦੀ ਕੋਈ ਚੀਜ਼ ਨਹੀਂ ਸੀ। ਚੇਅਰਮੈਨ ਦੀ ਗੱਲ ਕੋਈ ਨਹੀਂ ਸੁਣ ਰਿਹਾ ਸੀ, ਹਰ ਕੋਈ ਅਨੁਸ਼ਾਸਨ ਦੀ ਅਣਦੇਖੀ ਕਰ ਰਿਹਾ ਸੀ ਅਤੇ ਵਿਚਾਰਾ ਚੇਅਰਮੈਨ ਨੂੰ ਸ਼ਾਂਤੀ ਬਣਾਈ ਰੱਖਣ ਲਈ ਕਹਿ ਰਿਹਾ ਸੀ।ਉਸ ਨੂੰ ਆਪਣੇ ਹਥੌੜੇ ਅਤੇ ਇਸ ਮਕਸਦ ਲਈ ਬਣੇ ਲੱਕੜ ਦੇ ਟੁਕੜੇ ਨਾਲ ਮੇਜ਼ ਨੂੰ ਵਾਰ-ਵਾਰ ਮਾਰਨਾ ਪਿਆ। ਉਸ ਵੱਲ ਕਿਸੇ ਨੇ ਧਿਆਨ ਨਹੀਂ ਦਿੱਤਾ।

ਪਰ ਲੰਡਨ ਦੇ ਆਡੀਟੋਰੀਅਮ ਵਿਚ ਤੁਹਾਨੂੰ ਬਿਲਕੁਲ ਉਲਟ ਤਸਵੀਰ ਦਿਖਾਈ ਦੇਵੇਗੀ। ਇੱਕ ਨਿਯਮ ਹੈ ਕਿ ਜਦੋਂ ਸਭਾਪਤੀ ਖੜ੍ਹਾ ਹੁੰਦਾ ਹੈ ਤਾਂ ਉਸ ਸਮੇਂ ਸਭਾ ਵਿੱਚ ਕੋਈ ਹੋਰ ਨਹੀਂ ਖੜ੍ਹਾ ਹੁੰਦਾ। ਹਰ ਮੈਂਬਰ ਨੂੰ ਬੈਠੇ ਰਹਿਣਾ ਹੁੰਦਾ ਹੈ। ਇਸੇ ਤਰ੍ਹਾਂ ਜਦੋਂ ਸਦਨ ਵਿਚ ਇਕ ਵਿਅਕਤੀ ਖੜ੍ਹਾ ਹੁੰਦਾ ਹੈ ਤਾਂ ਉਸ ਦੀ ਥਾਂ ਕੋਈ ਹੋਰ ਖੜ੍ਹਾ ਨਹੀਂ ਹੋ ਸਕਦਾ, ਸਾਰਿਆਂ ਨੂੰ ਬੈਠ

"ਇਕੁਐਲਿਟੀ ਐਂਡ ਜਸਟਿਸ"
"Equality and Justice" ਸੁਤੰਤਰਤਾ, ਸਮਾਨਤਾ, ਭਾਈਚਾਰਾ

ਕੇ ਸੁਣਨਾ ਪੈਂਦਾ ਹੈ। ਕੋਈ ਵੀ ਮੈਂਬਰ ਸਪੀਕਰ ਦੀ ਇਜਾਜ਼ਤ ਤੋਂ ਬਿਨਾਂ ਕਾਮਨਜ਼ ਹਾਲ ਵਿੱਚ ਆਪਣਾ ਭਾਸ਼ਣ ਸ਼ੁਰੂ ਨਹੀਂ ਕਰ ਸਕਦਾ। ਨਾਲ ਹੀ, ਸਪੀਕਰ 'ਤੇ ਸਿਰਫ ਕਿਸੇ ਵਿਸ਼ੇਸ਼ ਵਿਅਕਤੀ ਨੂੰ ਬੋਲਣ ਦੇਣ ਦੀ ਕੋਈ ਪਾਬੰਦੀ ਨਹੀਂ ਹੈ। ਉਨ੍ਹਾਂ ਦੀ ਭਾਸ਼ਾ ਵਿੱਚ ਇੱਕ ਕਹਾਵਤ ਹੈ ਕਿ, "ਬੋਲਣ ਵਾਲਾ ਸਿਰਫ਼ ਉਸ ਵਿਅਕਤੀ ਨੂੰ ਹੀ ਬੋਲਣ ਦਿੰਦਾ ਹੈ ਜੋ ਉਸ ਦੀ ਨਜ਼ਰ ਵਿੱਚ ਆਉਂਦਾ ਹੈ।" ਪਰ ਇਸ ਕਥਨ ਵਿੱਚ ਇੱਕ ਅਰਥ ਛੁਪਿਆ ਹੋਇਆ ਹੈ ਅਤੇ ਉਸ ਅਨੁਸਾਰ ਸਪੀਕਰ ਕਿਸੇ ਮੈਂਬਰ ਵੱਲ ਵੇਖ ਸਕਦਾ ਹੈ ਅਤੇ ਉਸ ਮੈਂਬਰ ਨੂੰ ਬੋਲਣ ਲਈ ਬੁਲਾਉਣ ਦੀ ਬਜਾਏ, ਉਹ ਉਸ ਵੱਲ ਵੇਖ ਸਕਦਾ ਹੈ ਅਤੇ ਅੱਖ ਦਾ ਕੋਈ ਇਸ਼ਾਰਾ ਦੇ ਸਕਦਾ ਹੈ। ਇਸ ਦਾ ਕਾਰਨ ਵੀ ਸਪੱਸ਼ਟ ਹੈ। ਬਹੁਤ ਸਾਰੇ ਲੋਕਾਂ ਦੇ ਇਕੱਠੇ ਹੋਣ ਕਾਰਨ ਚੇਅਰਮੈਨ ਹਰ ਮੈਂਬਰ ਨੂੰ ਜਾਣਦਾ ਹੈ ਅਤੇ ਉਨ੍ਹਾਂ ਦੇ ਚੰਗੇ-ਮਾੜੇ ਗੁਣਾਂ ਨੂੰ ਜਾਣਦਾ ਹੈ। ਉਹ ਸਿਰਫ਼ ਪਰਿਵਾਰਕ ਜੀਵਨ ਬਾਰੇ ਹੀ ਨਹੀਂ ਜਾਣਦੇ, ਉਹ ਬਾਕੀ ਸਭ ਕੁਝ ਜਾਣਦੇ ਹਨ। ਇਸ ਕਾਰਨ ਕਰਕੇ, ਸਪੀਕਰ ਉਨ੍ਹਾਂ ਨੂੰ ਬੋਲਣ ਦੀ ਇਜਾਜ਼ਤ ਨਹੀਂ ਦਿੰਦਾ ਜੋ ਲੰਬੇ, ਬੋਰਿੰਗ ਭਾਸ਼ਣ ਦਿੰਦੇ ਹਨ ਜਾਂ ਉਨ੍ਹਾਂ ਮੈਂਬਰਾਂ ਨੂੰ ਬੋਲਣ ਦੀ ਇਜਾਜ਼ਤ ਨਹੀਂ ਦਿੰਦੇ ਜਿਨ੍ਹਾਂ ਦੇ ਭਾਸ਼ਣ ਮਹੱਤਵਪੂਰਨ ਮੁੱਦਿਆਂ ਨਾਲ ਨਜਿੱਠਦੇ ਨਹੀਂ ਹਨ।

ਅੱਜ ਸਾਡੇ ਕੋਲ ਲੋਕਤੰਤਰ ਹੈ ਜਿਸ ਨੂੰ ਸੰਸਦੀ ਲੋਕਤੰਤਰ ਕਿਹਾ ਜਾ ਸਕਦਾ ਹੈ। ਆਓ ਜਾਣਦੇ ਹਾਂ ਇਸ ਸ਼ਬਦ ਦਾ ਕੀ ਅਰਥ ਹੈ। ਇੱਕ ਤਾਨਾਸ਼ਾਹੀ ਸ਼ਾਸਨ ਪ੍ਰਣਾਲੀ ਅਤੇ ਇਸ ਕਿਸਮ ਦੇ ਲੋਕਤੰਤਰ ਵਿੱਚ ਅੰਤਰ ਇਹ ਹੈ ਕਿ ਇੱਕ ਤਾਨਾਸ਼ਾਹੀ ਸ਼ਾਸਨ ਪ੍ਰਣਾਲੀ ਵਿੱਚ ਕੋਈ ਕਾਨੂੰਨ ਬਣਾਉਣ ਵਾਲੀ ਵਿਧਾਨ ਸਭਾ ਜਾਂ ਸੰਸਦ ਨਹੀਂ ਹੁੰਦੀ ਹੈ। ਉੱਥੇ ਜਨਤਾ ਦੀ ਇੱਛਾ ਦਾ ਕੋਈ ਸਨਮਾਨ ਨਹੀਂ ਹੈ। ਰਾਜਾ ਜਾਂ ਤਾਨਾਸ਼ਾਹ ਸਭ ਕੁਝ ਹੈ। ਉਹ ਜਨਤਾ ਦੀ ਨੁਮਾਇੰਦਗੀ ਆਪਣੇ ਕੋਲ ਰੱਖਦਾ ਹੈ। ਉਹ ਆਪਣੀ ਮਰਜ਼ੀ ਅਨੁਸਾਰ ਰਾਜ ਕਰਦਾ ਹੈ। ਉਹ ਆਪਣੇ ਹੁਕਮਾਂ ਨੂੰ ਜ਼ਬਰਦਸਤੀ ਥੋਪ ਕੇ ਜਨਤਾ 'ਤੇ ਜ਼ੁਲਮ ਕਰਦਾ ਹੈ।

ਅੱਜ ਅਸੀਂ ਮਜ਼ਦੂਰਾਂ ਦੀ ਤਾਨਾਸ਼ਾਹੀ ਦੀ ਮਿਸਾਲ ਵੀ ਦੇਖਦੇ ਹਾਂ। ਜੇ ਅਸੀਂ ਇਸ ਨੂੰ ਇਸ ਤਰੀਕੇ ਨਾਲ ਵੇਖੀਏ, ਤਾਂ ਇਨ੍ਹਾਂ ਦੋਵਾਂ ਵਿਚ ਕੋਈ ਅੰਤਰ ਨਹੀਂ ਹੈ। ਬਸ ਇੰਨਾ ਹੀ ਹੈ, ਇੱਥੇ ਤਾਨਾਸ਼ਾਹਾਂ ਨੇ ਮਜ਼ਦੂਰਾਂ ਦੀ ਨੁਮਾਇੰਦਗੀ ਕੀਤੀ ਹੈ। ਪਰ ਇੱਥੇ ਵੀ, ਤਾਨਾਸ਼ਾਹੀ ਜਾਂ ਰਾਜੇ ਦੇ ਰਾਜ ਵਾਂਗ, ਲੋਕਾਂ ਦੀ ਇੱਛਾ ਨੂੰ ਕੋਈ ਥਾਂ ਨਹੀਂ ਹੈ। ਸੰਸਦੀ ਲੋਕਤੰਤਰ ਇਨ੍ਹਾਂ ਦੋਹਾਂ ਪ੍ਰਣਾਲੀਆਂ ਦਾ ਸੁਨਹਿਰੀ ਸੁਮੇਲ ਹੈ। ਕਿਸੇ ਵੀ ਬੁਰਾਈ ਨੂੰ ਇਸ ਸੰਸਥਾ ਵਿਚ ਦਾਖਲ ਹੋਣ ਤੋਂ ਰੋਕਣ ਲਈ ਇਸ ਦੇ ਚੰਗੇ ਗੁਣਾਂ ਨੂੰ ਮਨ ਵਿਚ ਥਾਂ ਦੇਣੀ ਪਵੇਗੀ।

ਲੇਖ ਦਾ ਬਾਕੀ ਭਾਗ ਕੱਲ੍ਹ



# ਸਯੁੰਕਤ ਕਿਸਾਨ ਮੋਰਚੇ ਦੇ ਸੱਦੇ ਤੇ ਬਿਜਲੀ ਕਾਮਿਆਂ ਨੇ ਬਿਜਲੀ ਬਿੱਲ, ਬੀਜ ਬਿੱਲ ਅਤੇ 4 ਲੇਬਰ ਕੋਡਾਂ ਦੀਆਂ ਫੂਕੀਆਂ ਕਾਪੀਆਂ

"Equality and justice"
Patiala 08 December
INTERNATIONAL PAPER, 94636 01616
hardipchumber57@gmail.com



ਲੁਧਿਆਣਾ 8 ਦਸੰਬਰ () ਸੰਜੁਕਤ ਕਿਸਾਨ ਮੋਰਚੇ ਵੱਲੋਂ ਅੱਜ ਪੰਜਾਬ ਭਰ ਵਿੱਚ ਬਿਜਲੀ ਸੋਧ ਬਿੱਲ 2025 ਤੇ ਬੀਜ ਬਿੱਲ ਦੇ ਖਿਲਾਫ ਬਿਜਲੀ ਮੁਲਾਜ਼ਮ ਜਥੇਬੰਦੀਆਂ ਦੇ ਸਹਿਯੋਗ ਨਾਲ ਇਹਨਾਂ ਬਿੱਲਾਂ ਦੀਆਂ ਕਾਪੀਆਂ ਫੂਕੀਆਂ ਗਈਆਂ। ਬਿਜਲੀ ਨਿਗਮ ਦੀਆਂ ਜਥੇਬੰਦੀਆਂ ਅਤੇ ਕਿਸਾਨ ਜਥੇਬੰਦੀਆਂ ਦੀ ਆਪਸੀ ਹੋਈ ਸਾਂਝ ਦੇ ਮੱਦੇ ਨਜ਼ਰ ਜਿਸ ਪ੍ਰਕਾਰ ਕਿਸਾਨ ਜਥੇਬੰਦੀਆਂ ਬਿਜਲੀ ਨਿਗਮ ਦੇ ਮੁਲਾਜ਼ਮਾਂ ਦੀਆਂ ਮੰਗਾਂ ਅਤੇ ਮੁੱਦਿਆਂ ਨੂੰ ਚੁੱਕ ਰਹੀਆਂ ਹਨ ਉਸੇ ਪ੍ਰਕਾਰ ਬਿਜਲੀ ਮੁਲਾਜ਼ਮਾਂ ਵੱਲੋਂ ਵੀ ਆਪਣੇ ਭਾਈਚਾਰੇ ਨੂੰ ਹੋਰ ਮਜਬੂਤ ਕਰਨ ਦੇ ਮਕਸਦ ਨਾਲ ਅੱਜ ਕਿਸਾਨ ਜਥੇਬੰਦੀਆਂ ਦੇ ਨਾਲ ਪੰਜਾਬ ਭਰ ਵਿੱਚ ਬਿਜਲੀ ਦਫਤਰਾਂ ਅੱਗੇ ਰੋਸ ਧਰਨੇ ਲਗਾਉਣ ਉਪਰੰਤ ਬਿਜਲੀ ਬਿੱਲ 2025 ਅਤੇ ਬੀਜ ਬਿੱਲ ਦੀਆਂ ਕਾਪੀਆਂ ਸਾੜ ਕੇ ਇਹਨਾਂ ਦਾ ਵਿਰੋਧ ਕੀਤਾ ਗਿਆ। ਬਿਜਲੀ ਮੁਲਾਜ਼ਮਾਂ ਵੱਲੋਂ ਇਸ ਵਿੱਚ ਹੋਰ ਵਾਧਾ ਕਰਦੇ ਹੋਏ ਚਾਰ ਲੇਬਰ ਕੋਡਾਂ ਅਤੇ ਬਿਜਲੀ ਬੋਰਡ ਦੀਆਂ ਬੇਸਕੀਮਤੀ ਜਮੀਨਾਂ ਵੇਚਣ ਦੇ ਵਿਰੋਧ ਵਿੱਚ ਵੀ ਰੋਸ ਧਰਨੇ ਲਗਾਏ ਗਏ। ਬਿਜਲੀ ਮੁਲਾਜ਼ਮਾਂ ਵੱਲੋਂ ਚਾਰੇ ਮੁੱਦਿਆਂ ਨੂੰ ਲੈ ਕੇ ਅੱਜ ਸੁੰਦਰ ਨਗਰ ਡਿਵੀਜ਼ਨ ਵਿਖੇ ਵੀ ਭਰਵਾਂ ਇਕੱਠ ਕਰਕੇ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਦਾ ਪਿੱਟ ਸਿਆਪਾ ਕਰਦੇ ਹੋਏ ਜਿੱਥੇ ਜਮੀਨਾਂ ਵੇਚਣ ਦਾ ਵਿਰੋਧ ਕੀਤਾ ਗਿਆ ਉਥੇ ਹੀ ਬਿਜਲੀ ਸੋਧ ਬਿੱਲ 2025, ਬੀਜ ਬਿੱਲ ਅਤੇ ਚਾਰ ਲੇਬਰ ਕੋਡਾਂ ਦਾ ਵਿਰੋਧ ਕਰਦੇ ਹੋਏ ਉਹਨਾਂ ਦੀਆਂ ਕਾਪੀਆਂ ਸਾੜੀਆਂ ਗਈਆਂ। ਮੁਲਾਜ਼ਮਾਂ ਨੇ ਦੋਵਾਂ ਬਿੱਲਾਂ ਨੂੰ ਸਦਨ 'ਚ ਪੇਸ਼ ਕਰਨ ਦਾ ਵਿਰੋਧ ਕਰਦਿਆਂ ਲੇਬਰ ਕੋਡਾ ਨੂੰ ਰੱਦ ਕਰਨ ਦੀ ਮੰਗ ਕੀਤੀ। ਇਸ ਮੌਕੇ ਧਰਨੇ ਦੀ ਅਗਵਾਈ ਟੀਐਸਯੂ ਦੇ ਸੂਬਾ ਜਥੇਬੰਦਕ ਸਕੱਤਰ ਰਘਵੀਰ ਸਿੰਘ, ਏ ਓ ਜੇ ਈ ਦੇ ਸੂਬਾ ਮੀਤ ਪ੍ਰਧਾਨ ਇੰਜ: ਜਗਤਾਰ ਸਿੰਘ, ਪਾਵਰ ਕਾਮ ਐਂਡ ਟਰਾਂਸਕੋ ਪੈਨਸ਼ਨਰ ਯੂਨੀਅਨ ਏਟਕ ਦੇ ਮੀਤ ਸੂਬਾ ਪ੍ਰਧਾਨ ਕੇਵਲ ਸਿੰਘ ਬਨਵੈਤ ਅਤੇ ਪੀਐਸਈਬੀ ਇੰਪਲਾਈਜ ਫੈਡਰੇਸ਼ਨ ਏਟਕ ਦੇ ਜਿਲਾ ਆਗੂ ਗੁਰਪ੍ਰੀਤ ਸਿੰਘ ਮਹਿਦੂਦਾਂ ਦੀ ਅਗਵਾਈ ਵਿੱਚ ਇਹ ਰੋਸ ਧਰਨਾ ਕਰਨ ਉਪਰੰਤ ਕਾਪੀਆਂ ਸਾੜਨ ਦੀ ਕਾਰਵਾਈ ਨੂੰ ਅਮਲੀ ਜਾਮਾ ਪਹਿਨਾਇਆ ਗਿਆ। ਇਸ ਮੌਕੇ ਉਪਰੋਕਤ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਪੇਸ਼ ਕੀਤੇ ਜਾ ਰਹੇ ਬਿਜਲੀ ਸੋਧ ਬਿੱਲ 2025 ਅਤੇ ਬੀਜ ਬਿੱਲ ਦਾ ਉਹ ਸਖਤ ਵਿਰੋਧ ਕਰਦੇ ਹਨ ਕਿਉਂਕਿ ਇਹ ਕਿਸਾਨਾਂ ਦੇ ਨਾਲ ਨਾਲ ਆਮ ਵਰਗ ਅਤੇ ਮਜ਼ਦੂਰਾਂ ਦੇ ਵੀ ਵਿਰੋਧੀ ਹਨ। ਇਸ ਤੋਂ ਇਲਾਵਾ ਜੇਕਰ ਚਾਰ ਲੇਬਰ ਕੋਡਾਂ ਦੀ ਗੱਲ ਕੀਤੀ ਜਾਵੇ ਤਾਂ ਉਹ ਸਮੁੱਚੇ ਮਜ਼ਦੂਰ ਵਰਗ ਦੇ ਵਿਰੋਧੀ ਹਨ। ਉਹਨਾਂ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਵੀ ਕੇਂਦਰ ਸਰਕਾਰ ਨਾਲ ਅੰਦਰ ਖਾਤੇ ਰਲੀ ਹੋਈ ਹੈ ਕਿਉਂਕਿ ਉਹਨਾਂ ਨੇ ਅਜੇ ਤੱਕ ਬਿਜਲੀ ਬਿੱਲ 2020 ਉੱਤੇ ਆਪਣਾ ਪੱਖ ਨਹੀਂ ਰੱਖਿਆ ਅਤੇ ਨਾ ਹੀ ਉਹਨਾਂ ਚਾਰ ਕੋਡਾਂ ਦਾ ਕਿਤੇ ਵੀ ਵਿਰੋਧ ਦਰਜ ਕਰਾਇਆ। ਉਲਟਾ ਪੰਜਾਬ ਸਰਕਾਰ ਬਿਜਲੀ 2025 ਨੂੰ ਪੰਜਾਬ ਦੇ ਬਿਜਲੀ ਨਿਗਮ ਵਿੱਚ ਲਾਗੂ ਕਰਵਾਉਣ ਲਈ ਤਰਲੋ ਮੱਛੀ ਹੁੰਦੀ ਦਿਖਾਈ ਦੇ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸ ਵੱਲੋਂ ਇਸ ਬਿੱਲ ਦਾ ਹਿੱਸਾ ਸਮਾਰਟ ਮੀਟਰਾਂ ਨੂੰ ਜੰਗੀ ਪੱਧਰ ਉੱਤੇ ਲਗਾਉਣ ਲਈ ਬਿਜਲੀ ਮੁਲਾਜ਼ਮਾਂ ਨੂੰ ਸਖਤ ਹੁਕਮ ਚਾੜ੍ਹੇ ਹੋਏ ਹਨ। ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਵੀ ਕੇਂਦਰ ਦੀ ਤਰਜ 'ਤੇ ਬਿਜਲੀ ਨਿਗਮ ਦੀਆਂ ਬੇਸ਼ਕੀਮਤੀ ਜਮੀਨਾਂ ਨੂੰ ਵੇਚ ਕੇ ਬਿਜਲੀ ਨਿਗਮ ਨੂੰ ਨਿੱਜੀਕਰਨ ਵੱਲ ਧੱਕ ਰਹੀ ਹੈ। ਆਗੂਆਂ ਨੇ ਕਿਹਾ ਕਿ ਅਸੀਂ ਕੇਂਦਰ ਅਤੇ ਸੂਬਾ ਸਰਕਾਰ ਦੀਆਂ ਮੁਲਾਜ਼ਮ ਕਿਸਾਨ ਮਜ਼ਦੂਰ ਅਤੇ ਆਮ ਜਨ ਵਿਰੋਧੀ ਜੋ ਨੀਤੀਆਂ ਹਨ ਉਹਨਾਂ ਦਾ ਸਖਤ ਵਿਰੋਧ ਕਰਦੇ ਹੋਏ ਉਹਨਾਂ ਨੂੰ ਕਿਸੇ ਵੀ ਕੀਮਤ ਤੇ ਲਾਗੂ ਨਹੀਂ ਹੋਣ ਦੇਵਾਂਗੇ। ਆਗੂਆਂ ਨੇ ਕਿਹਾ ਕਿ ਸਾਡੇ ਵੱਲੋਂ ਲਗਾਤਾਰ ਇਸ ਸਬੰਧੀ ਰੋਸ ਧਰਨੇ ਕੀਤੇ ਜਾ ਰਹੇ ਹਨ ਅਤੇ ਜੇਕਰ ਦੋਨਾਂ ਸਰਕਾਰਾਂ ਨੇ ਇਹਨਾਂ ਧਰਨਿਆਂ ਦੀ ਨਬਜ਼ ਨੂੰ ਸਮਝਦੇ ਹੋਏ ਆਪਣੇ ਫੈਸਲਿਆਂ ਨੂੰ ਵਾਪਸ ਨਾ ਲਿਆ ਤਾਂ ਬਿਜਲੀ ਮੁਲਾਜ਼ਮ ਜਥੇਬੰਦੀਆਂ ਕਿਸਾਨ ਜਥੇਬੰਦੀਆਂ ਨਾਲ ਮਿਲ ਕੇ ਤਿੱਖਾ ਸੰਘਰਸ਼ ਕਰਨ ਤੋਂ ਭੋਰਾ ਗੁਰੇਜ ਨਹੀਂ ਕਰਨਗੀਆਂ। ਉਹਨਾਂ ਆਮ ਲੋਕਾਂ ਨੂੰ ਵੀ ਕਿਸਾਨਾਂ ਅਤੇ ਬਿਜਲੀ ਮੁਲਾਜ਼ਮਾਂ ਦੇ ਇਸ ਸਾਂਝੇ ਘੋਲ ਵਿੱਚ ਕੁੱਦਣ ਦੀ ਅਪੀਲ ਕਰਦਿਆਂ ਕਿਹਾ ਕਿ ਇਹ ਹਰ ਇੱਕ ਵਿਅਕਤੀ ਦੇ ਉੱਤੇ ਪ੍ਰਭਾਵ ਪਾਉਣ ਵਾਲੇ ਬਿੱਲ ਅਤੇ ਕੋਡ ਹਨ, ਜਿਨਾਂ ਦਾ ਜਿੰਨਾ ਵਿਰੋਧ ਕੀਤਾ ਜਾਵੇ ਉਨਾਂ ਥੋੜ੍ਹਾ ਹੈ। ਸੋ ਪੰਜਾਬ ਦਾ ਹਰ ਵਾਸੀ ਸਾਡੇ ਵੱਲੋਂ ਉਲੀਕੇ ਸਾਂਝੇ ਘੋਲਾਂ ਦਾ ਹਿੱਸਾ ਬਣ ਕੇ ਇਹਨਾਂ ਸਰਕਾਰਾਂ ਨੂੰ ਸਬਕ ਸਿਖਾਵੇ। ਇਸ ਮੌਕੇ ਸੁਰਜੀਤ ਸਿੰਘ, ਰਾਮਦਾਸ, ਕੁਲਬੀਰ ਸਿੰਘ, ਜਸਵਿੰਦਰ ਸਿੰਘ, ਧਰਮਿੰਦਰ, ਗੌਰਵ ਕੁਮਾਰ, ਦੀਪਕ ਕੁਮਾਰ, ਕਮਲਜੀਤ ਰਣੀਆ, ਕਮਲਦੀਪ ਸਿੰਘ, ਬਹਾਦਰ ਸਿੰਘ ਲੁਹਾਰਾ, ਸੀਐਚਵੀ ਯੂਨੀਅਨ ਦੇ ਡਵੀਜ਼ਨ ਪ੍ਰਧਾਨ ਅਵਤਾਰ ਸਿੰਘ, ਰਾਕੇਸ਼ ਕੁਮਾਰ ਅਤੇ ਵੱਡੀ ਗਿਣਤੀ ਦੇ ਵਿੱਚ ਬਿਜਲੀ ਕਾਮੇ ਹਾਜ਼ਰ ਸਨ।




# ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਅਬਲੋਵਾਲ ਦੇ ਬੱਚਿਆਂ ਨੂੰ ਬੂਟ ਵੰਡੇ ਗਏ

"Equality and justice"
Patiala 08 December
INTERNATIONAL PAPER, 94636 01616
hardipchumber57@gmail.com



ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਅਬਲੋਵਾਲ ਦੇ ਸਕੂਲ ਅਧਿਆਪਕਾ ਸ਼੍ਰੀਮਤੀ ਜੋਗਿੰਦਰ ਕੌਰ ਜੀ ਦੀ ਬੇਟੀ ਪ੍ਰਨੀਤ ਕੌਰ ਜੋ ਹੁਣ ਅਮਰੀਕਾ ਵਿੱਚ ਰਹਿ ਰਹੇ ਹਨ, ਵੱਲੋਂ ਸਰਦੀ ਦੇ ਮੌਸਮ ਨੂੰ ਮੁੱਖ ਰੱਖਦੇ ਹੋਏ ਸਾਰੇ ਬੱਚਿਆਂ ਨੂੰ ਆਪਣੀ ਕਿਰਤ ਕਮਾਈ ਵਿੱਚੋਂ ਬੂਟ ਪਵਾਏ ਗਏ | ਜਿਸ ਲਈ ਸੀ ਐੱਚ ਟੀ ਮੈਡਮ ਸ਼੍ਰੀਮਤੀ ਵਰਿੰਦਰ ਕੌਰ ਅਤੇ ਸਮੂਹ ਸਕੂਲ ਸਟਾਫ ਵੱਲੋਂ ਓਹਨਾ ਦਾ ਧੰਨਵਾਦ ਕੀਤਾ ਗਿਆ, ਪਰਮਾਤਮਾ ਬੱਚਿਆਂ ਤੇ ਆਪਣੀ ਕਿਰਪਾ ਬਣਾ ਕੇ ਰੱਖਣ ਬੱਚਿਆਂ ਦੀ ਤੰਦਰੁਸਤੀ ਅਤੇ ਤਰੱਕੀ ਦੀ ਕਾਮਨਾ ਕੀਤੀ ਗਈ | ਇਸ ਮੌਕੇ ਸਮੂਹ ਅਧਿਆਪਕ ਅਤੇ ਬੱਚੇ ਹਾਜ਼ਰ ਰਹੇ |

# ਜਿਲ੍ਹਾ ਪ੍ਰੀਸ਼ਦ ਜੋਨ ਬਛੋਆਣਾ

"Equality and justice"
Patiala 08 December
INTERNATIONAL PAPER, 94636 01616
hardipchumber57@gmail.com

1. ਫੁੱਲੂਵਾਲਾ ਡੋਡ 2. ਚੱਕ ਭਾਈਕੇ 3. ਬੱਛੋਆਣਾ4. ਦੋਦੜਾ5. ਰੱਲੀ 6. ਰੰਘੜਿਆਲ 7. ਕਲੀਪੁਰ 8. ਕੁਲਾਣਾ 9. ਸੈਦੇਵਾਲਾ 10. ਰਾਮਪੁਰ ਮੰਡੇਰ 11.ਸਤੀਕੇ 12. ਜਲਵੇੜਾ 13. ਗੋਬਿੰਦਪੁਰਾ 14. ਸਿਰਸੀਵਾਲਾ 15. ਦਾਤੇਵਾਸ 16, ਦਰੀਆਪੁਰ 17. ਖੱਤਰੀਵਾਲਾ 18. ਰਾਮਗੜ੍ਹ 19. ਅਚਾਨਕ 20. ਅਚਾਨਕ ਖੁਰਦ 21. ਦਿਆਲਪੁਰਾ 22. ਬਹਾਦਰਪੁਰ 23. ਸੰਘਰੇੜੀ




# ਸੈਕੰਡਰੀ ਸਕੂਲ ਝੁਨੀਰ ਵਿਖੇ ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਡਕਰ ਦਾ ਮਨਾਇਆ ਪ੍ਰੀ ਨਿਰਵਾਣ ਦਿਵਸ

"Equality and justice"
Patiala 08 December
INTERNATIONAL PAPER, 94636 01616
hardipchumber57@gmail.com



ਮਾਨਸਾ/ਝੁਨੀਰ 8 ਦਸੰਬਰ (ਆਤਮਾ ਸਿੰਘ ਪਮਾਰ)

ਸਰਕਾਰੀ ਸੈਕੰਡਰੀ ਸਕੂਲ ਝੁਨੀਰ ਵਿਖੇ ਪ੍ਰਿੰਸੀਪਲ ਕੰਵਲਜੀਤ ਕੌਰ ਦੀ ਅਗੁਵਾਈ 'ਚ ਭਾਰਤ ਰਤਨ ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਡਕਰ ਜੀ ਦਾ ਪ੍ਰੀ ਨਿਰਵਾਣ ਦਿਵਸ ਮਨਾਇਆ ਗਿਆ। ਇਸ ਮੌਕੇ ਸਕੂਲ ਸਟਾਫ਼ ਅਤੇ ਸਮੂਹ ਵਿਦਿਆਰਥੀ ਵੀ ਸ਼ਾਮਲ ਹੋਏ।

ਪ੍ਰੋਗਰਾਮ ਦੌਰਾਨ ਸਕੂਲ ਦੇ ਵਿਦਿਆਰਥੀਆਂ ਨੇ ਬਾਬਾ ਸਾਹਿਬ ਦੇ ਜੀਵਨ ਨਾਲ ਸਬੰਧਤ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ।ਆਪਣੇ ਸੰਬੋਧਨ ਦੌਰਾਨ ਪ੍ਰਿੰਸੀਪਲ ਕੰਵਲਜੀਤ ਕੌਰ ਨੇ ਕਿਹਾ ਕਿ ਬਾਬਾ ਸਾਹਿਬ ਸਿਰਫ ਭਾਰਤ ਹੀ ਨਹੀਂ ਸਗੋਂ ਸਮੁੱਚੀ ਦੁਨੀਆ ਦੇ ਗ਼ਰੀਬ ਲੋਕਾਂ ਦੇ ਹਿਤੈਸ਼ੀ ਰਹੇ ਹਨ। ਇਸ ਲਈ ਓਹਨਾ ਨੇ ਜੀਵਨ ਸਫ਼ਰ ਦੌਰਾਨ ਅਨੇਕਾਂ ਕਸ਼ਟ ਝੱਲੇ ਹਨ।ਵਿਦਿਆਰਥੀਆਂ ਨੂੰ ਉਨ੍ਹਾਂ ਦੇ ਦੁਖਾਂ ਭਰੇ ਜੀਵਨ ਤੋਂ ਪ੍ਰੇਰਨਾ ਲੈਂਦੇ ਹੋਏ ਅੱਗੇ ਵਧਣ ਲਈ ਸਖ਼ਤ ਮਿਹਨਤ ਕਰਨੀ ਚਾਹੀਦੀ ਹੈ। ਜਿਸ ਨਾਲ ਗੁਲਾਮੀ ਦੀਆਂ ਜੰਜੀਰਾਂ ਨੂੰ ਤੋੜਿਆ ਜਾ ਸਕੇ। ਇਸ ਸਮੇਂ ਅਧਿਆਪਕ ਨਛੱਤਰ ਸਿੰਘ ਨੇ ਬਾਬਾ ਸਾਹਿਬ ਨੂੰ ਸਮੁੱਚੀ ਮਾਨਵਤਾ ਦਾ ਹਿਮਾਇਤੀ ਅਤੇ ਸਮੁੱਚੇ ਭਾਰਤਵਰਸ਼ ਲਈ ਨੇਕ ਨੀਤੀ ਨਾਲ ਕੰਮ ਕਰਨ ਵਾਲਾ ਨੇਤਾ ਦੱਸਿਆ। ਉਹਨਾਂ ਹਾਜ਼ਰੀਨ ਨੂੰ ਬਾਬਾ ਸਾਹਿਬ ਦੇ ਫਲਸਫੇ ਅਤੇ ਜੀਵਨ ਤੋਂ ਪ੍ਰੇਰਨਾ ਲੈਂਦਿਆਂ ਉਨ੍ਹਾਂ ਦੇ ਸੁਪਨਿਆਂ ਨੂੰ ਪੂਰਾ ਕਰਨ ਅਤੇ ਉਨ੍ਹਾਂ ਦੇ ਪੂਰਨਿਆਂ ਤੇ ਚੱਲਣ ਦੀ ਵੀ ਅਪੀਲ ਕੀਤੀ।

ਪ੍ਰੋਗਰਾਮ ਦੌਰਾਨ ਵੱਖ ਵੱਖ ਆਈਟਮਾਂ 'ਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਵੀ ਤਕਸੀਮ ਕੀਤੇ ਗਏ।

ਮੰਚ ਸੰਚਾਲਨ ਦੀ ਭੂਮਿਕਾ ਅਧਿਆਪਕਾ ਪਰਮਜੀਤ ਕੌਰ ਵੱਲੋਂ ਬਾਖੂਬੀ ਨਿਭਾਈ ਗਈ। ਇਹਨਾਂ ਤੋਂ ਇਲਾਵਾ ਸੋਨਮ ਮਹਿਤਾ ਲੈਕਚਰ ਕਮਰਸ, ਕੁਲਵਿੰਦਰ ਕੌਰ, ਕਿਰਤਪਾਲ ਸਿੰਘ,ਨੀਲਮ ਰਾਣੀ, ਨਿਸ਼ੂ ਬਾਲਾ, ਸੋਨੀਆ, ਮਮਤਾ ਰਾਣੀ, ਹਰਪ੍ਰੀਤ ਕੌਰ, ਜਸਵੀਰ ਕੌਰ ਰਣਜੀਤ ਕੌਰ, ਗੁਰਪ੍ਰੀਤ ਕੌਰ, ਰਮਨਜੀਤ ਕੌਰ ਨੇ ਵੀ ਡਾ.ਸਾਹਿਬ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ।

# ਡਾ ਸੋਨੂੰ ਨਰ ਦੀ ਅਗਵਾਈ ਵਿੱਚ ਪਿੰਡ ਕੁਲਥਮ ਵਿੱਚ ਬਸਪਾ ਉਮੀਦਵਾਰਾਂ ਲਈ ਚੋਣ ਪਰਚਾਰ ਸ਼ੁਰੂ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 08 ਦਸੰਬਰ
INTERNATIONAL PAPER, 94636 01616
hardipchumber57@gmail.com



ਬੰਗਾ (ਚਰਨਜੀਤ ਸੱਲਾ) ਬਹੁਜਨ ਸਮਾਜ ਪਾਰਟੀ ਵਲੋਂ ਜਿਲ੍ਹਾ ਪਰਿਸ਼ਦ ਅਤੇ ਬਲਾਕ ਸੰਮਤੀ ਦੀ ਚੋਣ ਲੜ ਰਹੇ ਉਮੀਦਵਾਰਾਂ ਲਈ ਅੱਜ ਵਿਧਾਨ ਸਭਾ ਬੰਗਾ ਦੇ ਪਿੰਡ ਕੁਲਥਮ ਵਿੱਚ ਸੀਨੀਅਰ ਬਸਪਾ ਆਗੂ ਡਾ ਸੋਨੂੰ ਨਰ ਕੁਲਥਮ ਦੀ ਅਗਵਾਈ ਵਿੱਚ ਬਸਪਾ ਦੇ ਉਮੀਦਵਾਰਾਂ ਲਈ ਚੋਣ ਪ੍ਚਾਰ ਸ਼ੁਰੂ ਕੀਤਾ ਔਰ ਜਦੋਂ ਚੋਣ ਪ੍ਚਾਰ ਲਈ ਪਿੰਡ ਵਾਸੀਆਂ ਦੇ ਵਿੱਚ ਗਏ ਤਾਂ ਉਹਨਾਂ ਇਹ ਗੱਲ ਆਖੀ ਕਿ ਅਸੀਂ ਸਾਰੀਆਂ ਪਾਰਟੀਆਂ ਨੂੰ ਦੇਖ ਚੁੱਕੇ ਹਾਂ ਹੁਣ ਜੇਕਰ ਪੰਜਾਬ ਦਾ ਭਲਾ ਦੇਖਣਾ ਹੈ ਤਾਂ ਬਸਪਾ ਨੂੰ ਲਿਆਉਣਾ ਜਰੂਰੀ ਹੈ ਤੇ ਹੁਣ ਅਸੀ ਇੱਕ ਮੌਕਾ ਹਾਥੀ ਵਾਲਿਆਂ ਨੂੰ ਦੇਣਾ ਚਾਹੁੰਦੇ ਹਾਂ ਇਸ ਮੌਕੇ ਉਹਨਾਂ ਨਾਲ ਲੇਖ ਰਾਜ ਕੁਲਥਮ, ਨਿਰਮਲ ਦਾਸ, ਸ਼ਿੰਗਾਰਾ ਰਾਮ, ਵਿਜੇ ਕੁਮਾਰ, ਜੋਗਿੰਦਰ ਪਾਲ, ਵਿਜੇ ਕਲੋਨੀ, ਮੀਤ ਰਾਮ , ਸੁਰਜੀਤ ਕੁਮਾਰ (ਸਾਬਕਾ ਬਸਪਾ ਪੰਚ) ਅਤੇ ਰਾਕੇਸ਼ ਕੁਮਾਰ ਕੁਲਥਮ ਹਾਜਿਰ ਸਨ

# ਆਦਿਵਾਸੀਆਂ ਅਤੇ ਮਾਓਵਾਦੀ ਇਨਕਲਾਬੀਆਂ ਦੇ ਕਤਲੇਆਮ ਵਿਰੁੱਧ ਜਮਹੂਰੀ ਫਰੰਟ ਵੱਲੋਂ ਜਲੰਧਰ ‘ਚ ਕਨਵੈਨਸ਼ਨ ਤੇ ਮੁਜ਼ਾਹਰਾ

## ਮੁਜ਼ਾਹਰੇ ’ਚ ਗੂੰਜੇ ਬੁੱਧੀਜੀਵੀਆਂ, ਜਮਹੂਰੀ ਕਾਰਕੁਨਾਂ ਅਤੇ ਸਜ਼ਾ ਪੂਰੀ ਕਰ ਚੁੱਕੇ ਕੈਦੀਆਂ ਨੂੰ ਰਿਹਾ ਕਰਨ ਦੇ ਨਾਅਰੇ, ਸੱਤਾ ਕੋਲ ਜਾਬਰ ਤਾਕਤ ਜ਼ਰੂਰ ਹੈ ਪਰ ਅਖ਼ੀਰ ਵਿਚ ਜਿੱਤ ਸੱਚ ਦੀ ਹੋਵੇਗੀ – ਨਦੀਮ ਖ਼ਾਨ

“Equality and justice”
Patiala 08 December
INTERNATIONAL PAPER, 94636 01616
hardipchumber57@gmail.com

